Excellence in Agri Info
KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖ਼ਬਾਰ

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 13-06-2026 • Vol.44 No.24 • M. 90410-14575 • Page 16 | E-mail : khetiduniyan1983@gmail.com



# ਝੋਨੇ ਦੀ ਫ਼ਸਲ ਵਿੱਚ ਲਘੂ ਤੱਤਾਂ ਦੀ ਘਾਟ ਅਤੇ ਪ੍ਰਬੰਧਨ

ਜਗਮਨਜੋਤ ਸਿੰਘ ਮਾਨ ਅਤੇ ਸਤਬੀਰ ਸਿੰਘ
ਪੀ. ਏ. ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ (ਮੋ. 94929-00307)

ਝੋਨੇ ਦੀ ਸਿਹਤਮੰਦ ਪਨੀਰੀ ਤਿਆਰ ਕਰਨ ਲਈ ਵੱਡੇ ਤੱਤਾਂ ਦੇ ਨਾਲ-ਨਾਲ ਲਘੂ ਜਾਂ ਸੂਖਮ ਤੱਤਾਂ ਦਾ ਵੀ ਮਹੱਤਵਪੂਰਣ ਯੋਗਦਾਨ ਹੁੰਦਾ ਹੈ। ਲਘੂ ਤੱਤਾਂ ਦੀ ਘਾਟ ਘੱਟ ਜੈਵਿਕ ਪਦਾਰਥ ਵਾਲੀਆਂ, ਰੇਤਲੀਆ ਅਤੇ ਜ਼ਿਆਦਾ ਖਾਰੀ ਅੰਗ ਵਾਲੀਆਂ ਜ਼ਮੀਨਾਂ ਵਿੱਚ ਪਾਈ ਜਾਂਦੀ ਹੈ। ਝੋਨੇ ਦੀ ਫ਼ਸਲ ਵਿੱਚ ਜ਼ਿੰਕ ਅਤੇ ਲੋਹੇ ਤੱਤ ਦੀ ਘਾਟ ਪਨੀਰੀ ਅਤੇ ਖੇਤ ਵਿੱਚ ਝੋਨੇ ਲਗਾਉਣ ਤੋਂ ਬਾਅਦ ਦੇਖੀ ਜਾਂਦੀ ਹੈ।

### ਝੋਨੇ ਦੀ ਪਨੀਰੀ ਵਿੱਚ ਲਘੂ ਤੱਤਾਂ ਦੀ ਕਮੀ

**ਲੋਹੇ ਦੀ ਘਾਟ** : ਝੋਨੇ ਦੀ ਪਨੀਰੀ ਵਿੱਚ ਜੇਕਰ ਨਵੇਂ ਪੱਤੇ ਪੀਲੇ ਪੈ ਜਾਣ ਤਾਂ ਫ਼ੈਰਸ ਸਲਫੇਟ ਦੇ 3 ਛਿੜਕਾਅ ਹਫ਼ਤੇ-ਹਫ਼ਤੇ ਦੇ ਫ਼ਰਕ ਤੇ ਕਰੋ। ਇਸ ਛਿੜਕਾਅ ਲਈ ਫ਼ੈਰਸ ਸਲਫ਼ੇਟ ਦਾ 0.5-1.

**ਜ਼ਿੰਕ ਦੀ ਘਾਟ** : ਜੇਕਰ ਪਨੀਰੀ ਤੇ ਜ਼ਿੰਕ ਦੀ ਘਾਟ ਜਾਪੇ (ਪੁਰਾਣੇ ਪੱਤੇ ਜੰਗਾਲੇ ਹੋ ਜਾਂਦੇ ਹਨ) ਤਾਂ 0.5 ਪ੍ਰਤੀਸ਼ਤ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ (ਅੱਧਾ ਕਿਲੋ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ ਅਤੇ 100 ਲਿਟਰ ਪਾਣੀ) ਜਾਂ 0.3 ਪ੍ਰਤੀਸ਼ਤ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ (300 ਗ੍ਰਾਮ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ ਅਤੇ 100 ਲਿਟਰ ਪਾਣੀ) ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

### ਖੇਤ ਵਿੱਚ ਝੋਨਾ ਲਗਾਉਣ ਤੋਂ ਬਾਅਦ ਲਘੂ ਤੱਤਾਂ ਦੀ ਕਮੀ

**ਲੋਹੇ ਦੀ ਘਾਟ** : ਜ਼ਿਆਦਾ ਰੇਤਲੀਆਂ ਜ਼ਮੀਨਾਂ ਵਿੱਚ ਜਿੱਥੇ ਪਾਣੀ ਦੀ ਘਾਟ ਹੋਵੇ, ਪਨੀਰੀ ਲਾਉਣ ਤੋਂ



ਕੁੱਝ ਦਿਨਾਂ ਬਾਅਦ ਬੂਟੇ ਦੇ ਨਵੇਂ ਨਿਕਲ ਰਹੇ ਪੱਤੇ ਪੀਲੇ ਹੋ ਜਾਂਦੇ ਹਨ। ਇਸ ਨਾਲ ਬੂਟੇ ਮਰ ਜਾਂਦੇ ਹਨ ਅਤੇ ਕਈ ਵਾਰੀ ਸਾਰੀ ਦੀ ਸਾਰੀ ਫ਼ਸਲ ਹੀ ਤਬਾਹ ਹੋ ਜਾਂਦੀ ਹੈ। ਜਦੋਂ ਅਜਿਹੇ ਪੀਲੇਪਨ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਛੇਤੀ-ਛੇਤੀ ਭਰਵੇਂ ਪਾਣੀ ਫ਼ਸਲ ਨੂੰ ਦਿਉ। ਇਸ ਤੱਤ ਦੀ ਘਾਟ ਦੂਰ ਕਰਨ ਲਈ ਇੱਕ ਕਿਲੋ ਫੈਰਸ ਸਲਫ਼ੇਟ ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਛਿੜਕੋ। ਅਜਿਹੇ 2-3 ਛਿੜਕਾਅ ਕਰਨ ਨਾਲ ਲੋਹੇ ਦੀ ਘਾਟ ਪੂਰੀ ਕੀਤੀ ਜਾ ਸਕਦੀ ਹੈ। ਇੱਥੇ ਧਿਆਨ ਯੋਗ ਗੱਲ ਇਹ ਹੈ ਕਿ ਲੋਹੇ ਦੀ ਜ਼ਮੀਨ ਰਾਹੀਂ ਪੂਰਤੀ ਅਸਰਦਾਰ ਨਹੀਂ ਹੈ।

**ਜ਼ਿੰਕ ਦੀ ਘਾਟ** : ਇਸ ਘਾਟ ਵਿੱਚ ਬੂਟੇ ਮੱਧਰੇ ਰਹਿ ਜਾਂਦੇ ਹਨ ਅਤੇ ਬੂਟਾ ਜਾੜ ਬਹੁਤ ਘੱਟ ਮਾਰਦਾ ਹੈ। ਅਜਿਹੇ ਬੂਟਿਆਂ ਦੇ ਪੱਤੇ ਜੰਗਾਲੇ ਜਿਹੇ ਅਤੇ ਭੂਰੇ ਹੋ ਜਾਂਦੇ ਹਨ। ਪੱਤੇ ਦੀ ਵਿਚਕਾਰਲੀ ਨਾੜ ਦਾ ਰੰਗ ਬਦਲ ਜਾਂਦਾ ਹੈ ਅਤੇ ਬਾਅਦ ਵਿੱਚ ਪੱਤੇ ਸੁੱਕ ਜਾਂਦੇ ਹਨ। ਜਿਨ੍ਹਾਂ ਖੇਤਾਂ ਵਿੱਚ ਪਿਛਲੇ ਸਾਲ ਵੀ ਇਹ ਘਾਟ ਸੀ ਉਨ੍ਹਾਂ ਖੇਤਾਂ ਵਿੱਚ ਜ਼ਿੰਕ ਦੀ ਘਾਟ ਪੂਰੀ ਕਰਨ ਲਈ ਕੱਦੂ ਕਰਨ ਸਮੇਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਖਿਲਾਰ ਦੇਣਾ ਚਾਹੀਦਾ ਹੈ। ਜੇਕਰ ਬੀਜੀ ਫ਼ਸਲ ਵਿੱਚ ਇਹ ਨਿਸ਼ਾਨੀਆਂ ਨਜ਼ਰ ਆਉਣ ਤਾਂ ਉਸ ਵੇਲੇ ਹੀ ਜ਼ਿੰਕ ਸਲਫ਼ੇਟ ਖੇਤ ਵਿੱਚ ਛੱਟੇ ਨਾਲ ਪਾ ਦਿਉ। ਬਹੁਤ ਮਾੜੀਆਂ ਜ਼ਮੀਨਾਂ ਵਿੱਚ ਜ਼ਿੰਕ ਸਲਫ਼ੇਟ ਦੀ ਵਰਤੋਂ ਦੇ ਬਾਵਜੂਦ ਵੀ ਜ਼ਿੰਕ ਦੀ ਘਾਟ ਧੋੜੀਆਂ ਵਿੱਚ ਨਜ਼ਰ ਆਉਂਦੀ ਹੈ। ਅਜਿਹੀ ਹਾਲਤ ਵਿੱਚ 10 ਕਿਲੋ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ (21%) ਜਾਂ 6.5 ਕਿਲੋ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ (33%) ਨੂੰ ਏਨੀ ਹੀ ਸੁੱਕੀ ਮਿੱਟੀ ਵਿੱਚ ਰਲਾ ਕੇ ਘਾਟ ਵਾਲੇ ਥਾਵਾਂ ਵਿੱਚ ਖਿਲਾਰ ਦੇਣਾ ਚਾਹੀਦਾ ਹੈ। 0 ਪ੍ਰਤੀਸ਼ਤ (ਅੱਧੇ ਤੋਂ ਇੱਕ ਕਿਲੋ ਫੈਰਸ ਸਲਫ਼ੇਟ ਅਤੇ 100 ਲਿਟਰ ਪਾਣੀ ਪ੍ਰਤੀ ਏਕੜ) ਘੋਲ ਵਰਤੋਂ।

# ਕੱਦੂ ਜਾਤੀ ਦੀਆਂ ਫ਼ਸਲਾਂ ਲਈ ਗੰਭੀਰ ਸਮੱਸਿਆ ਝੁਲਸ ਰੋਗ

**ਮਾਹਰਾਂ ਦੀ ਕਿਸਾਨਾਂ ਲਈ ਸਲਾਹ ਹੈ ਕਿ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਖੁੱਲ੍ਹੀ ਸਿੰਚਾਈ ਭਾਵ ਫਲੱਡ ਇਰੀਗੇਸ਼ਨ ਤੋਂ ਬਚਣਾ ਚਾਹੀਦਾ ਹੈ...**

ਕੱਦੂ ਜਾਤੀ ਦੀਆਂ ਫ਼ਸਲਾਂ ਵਿੱਚ ਝੁਲਸ ਰੋਗ (ਡਾਊਨੀ ਮਿਲਡਿਊ) ਗੰਭੀਰ ਸਮੱਸਿਆ ਹੈ, ਜੋ ਅਨੁਕੂਲ ਮੌਸਮੀ ਹਾਲਾਤ ਵਿੱਚ ਫੈਲ ਕੇ ਵੱਡਾ ਨੁਕਸਾਨ ਕਰ ਸਕਦੀ ਹੈ। ਇਹ ਰੋਗ ਪੱਤਿਆਂ ਨੂੰ ਪ੍ਰਭਾਵਿਤ ਕਰਦਾ ਹੈ ਤੇ ਪੱਤਿਆਂ ਦੇ



ਉੱਪਰਲੇ ਪਾਸੇ ਪੀਲੇ ਧੱਬੇ ਬਣਾਉਂਦਾ ਹੈ। ਸਵੇਰ ਸਮੇਂ ਜਦੋਂ ਹਵਾ ਵਿੱਚ ਨਮੀ ਜ਼ਿਆਦਾ ਹੁੰਦੀ ਹੈ ਤਾਂ ਇਨ੍ਹਾਂ ਪੱਤਿਆਂ ਦੇ ਹੇਠਲੇ ਪਾਸੇ ਸਲੇਟੀ ਰੰਗ ਦੀ ਉੱਲੀ ਦੀ ਪਰਤ ਦਿਖਾਈ ਦਿੰਦੀ ਹੈ। ਬਾਅਦ ਵਿੱਚ ਇਹ ਧੱਬੇ ਭੂਰੇ ਹੋ ਕੇ ਸੁੱਕ ਜਾਂਦੇ ਹਨ ਤੇ ਫ਼ਸਲ ਝੁਲਸੀ ਹੋਈ ਪ੍ਰਤੀਤ ਹੁੰਦੀ ਹੈ।

**ਫ਼ਸਲ ਹੋ ਸਕਦੀ ਤਬਾਹ**

ਉੱਘੇ ਪੌਦਾ ਰੋਗ ਮਾਹਿਰ ਤੇ ਪੀਏਯੂ ਦੇ ਵਧੀਕ ਨਿਰਦੇਸ਼ਕ ਪਸਾਰ ਸਿੱਖਿਆ ਡਾ. ਪ੍ਰਭਜੋਧ ਸਿੰਘ ਸੰਧੂ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਵਿੱਚ ਮੌਸਮ ਝੁਲਸ ਰੋਗ ਲਈ ਅਨੁਕੂਲ ਹੋ ਗਿਆ ਹੈ ਤੇ ਖਰਬੂਜ਼ਾ, ਤਰਬੂਜ਼, ਲੌਕੀ ਅਤੇ ਹੋਰ ਕੱਦੂ ਜਾਤੀ ਫ਼ਸਲਾਂ ਵਿੱਚ ਝੁਲਸ ਰੋਗ ਦੇ ਸ਼ੁਰੂ ਹੋਣ ਦੀਆਂ ਸੰਭਾਵਨਾਵਾਂ ਹਨ।

**ਪੌਦਿਆਂ ਵਿਚਕਾਰ ਹੋਵੇ ਸਹੀ ਦੂਰੀ**

ਪ੍ਰਭਾਵਿਤ ਖੇਤਾਂ ਵਿੱਚ ਜੇ ਸਮੇਂ ਸਿਰ ਇਸ ਦੀ ਰੋਕਥਾਮ ਨਾ ਕੀਤੀ ਜਾਵੇ ਤਾਂ ਜਲਦੀ ਹੀ ਫ਼ਸਲ ਤਬਾਹ ਹੋ ਸਕਦੀ ਹੈ। ਦਰਮਿਆਨੇ ਤਾਪਮਾਨ (25-35 ਸੈਲਸੀਅਸ) ਵੱਧ ਨਮੀ ਤੇ ਵਾਰ-ਵਾਰ ਹੋਣ ਵਾਲੀ ਹਲਕੀ ਵਰਖਾ ਇਸ ਰੋਗ ਦੇ ਫੈਲਾਅ ਨੂੰ ਵਧਾਉਣ ਵਾਲੇ ਤੱਤ ਹਨ।

**ਕਿਸਾਨਾਂ ਨੂੰ ਸਲਾਹ**

ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਖੇਤਾਂ ਦਾ ਲਗਾਤਾਰ ਸਰਵੇਖਣ ਕਰੋ। ਕਿਸਾਨਾਂ ਨੂੰ ਖੁੱਲ੍ਹੀ ਸਿੰਚਾਈ ਭਾਵ ਫਲੱਡ ਇਰੀਗੇਸ਼ਨ ਤੋਂ ਬਚਣਾ ਚਾਹੀਦਾ ਹੈ। ਫ਼ਸਲ ਵਿੱਚ ਹਵਾ ਦੀ ਆਵਾਜਾਈ ਬਣਾਈ ਰੱਖਣ ਲਈ ਪੌਦਿਆਂ ਵਿਚਕਾਰ ਸਹੀ ਦੂਰੀ ਹੋਣੀ ਚਾਹੀਦੀ ਹੈ।

# ਮਾਨਸੂਨ ਵਰਖਾ ਦੀ ਭਵਿੱਖਬਾਣੀ ਅਤੇ ਖੇਤੀ ਵਿਉਂਤਬੰਦੀ

ਪਵਨੀਤ ਕੌਰ ਕਿੰਗਰਾ ਅਤੇ ਸਰਬਜੋਤ ਕੌਰ ਸੰਧੂ, ਜਲਵਾਯੂ ਪਰਿਵਰਤਨ ਅਤੇ ਖੇਤੀ ਮੌਸਮ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋਬਾਇਲ : 94787-61003)

ਭਾਰਤ ਮੌਸਮ ਵਿਭਾਗ ਦੁਆਰਾ ਹਰ ਸਾਲ ਮਾਨਸੂਨ ਵਰਖਾ ਦੀ ਲੰਬੇ ਸਮੇਂ ਦੀ ਭਵਿੱਖਬਾਣੀ ਕੀਤੀ ਜਾਂਦੀ ਹੈ। ਪਹਿਲੇ ਪੱਧਰ ਦੀ ਭਵਿੱਖਬਾਣੀ ਹਰ ਸਾਲ ਅਪ੍ਰੈਲ ਅਤੇ ਦੂਜੇ ਪੱਧਰ ਦੀ ਮਈ ਮਹੀਨੇ ਦੇ ਅਖੀਰ ਤੱਕ ਮੁਹੱਈਆ ਕੀਤੀ ਜਾਂਦੀ ਹੈ, ਜਿਹੜੀ ਕਿ ਸਾਉਣੀ ਰੁੱਤ ਦੀ ਖੇਤੀ ਵਿਉਂਤਬੰਦੀ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਹਰ



ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਨਸੂਨ ਵਰਖਾ ਦੀ ਭਵਿੱਖਬਾਣੀ ਅਪ੍ਰੈਲ ਮਹੀਨੇ ਵਿੱਚ ਜਾਰੀ ਹੋ ਗਈ ਸੀ ਅਤੇ ਇਸਦੇ ਮੁਤਾਬਿਕ ਪੂਰੇ ਦੇਸ਼ ਵਿੱਚ ਇਸ ਵਾਰ ਸਧਾਰਨ ਨਾਲੋਂ ਘੱਟ ਵਰਖਾ (<92%) ਹੋਣ ਬਾਰੇ ਦੱਸਿਆ ਗਿਆ ਸੀ। ਹੁਣ ਮਾਨਸੂਨ ਵਰਖਾ ਦੀ ਦੂਜੀ ਭਵਿੱਖਬਾਣੀ ਵੀ ਜਾਰੀ ਹੋ ਚੁੱਕੀ ਹੈ, ਜਿਸਦੇ ਮੁਤਾਬਿਕ ਉੱਤਰ-ਪੱਛਮੀ ਭਾਰਤ ਵਿੱਚ ਵਰਖਾ ਔਸਤ ਨਾਲੋਂ ਘੱਟ (<92%) ਹੋਣ ਦਾ ਅਨੁਮਾਨ ਹੈ। ਘੱਟ ਵਰਖਾ ਦੀ ਭਵਿੱਖਬਾਣੀ ਦੇ ਨਾਲ-ਨਾਲ ਇਸ ਵਾਰ ਭਾਰਤ ਮੌਸਮ ਵਿਭਾਗ ਨੇ ਉੱਤਰ-ਪੱਛਮੀ ਭਾਰਤ ਵਿੱਚ ਜੂਨ ਮਹੀਨੇ ਵਿੱਚ ਗਰਮ ਲਹਿਰ (ਹੀਟ-ਵੇਵ) ਵਾਲੇ ਦਿਨਾਂ ਦੀ ਗਿਣਤੀ ਵੱਧਣ ਦੀ ਭਵਿੱਖਬਾਣੀ ਵੀ ਕੀਤੀ ਹੈ।

**ਸੂਬੇ ਦੇ ਜਲ ਸਰੋਤਾਂ ਤੇ ਪ੍ਰਭਾਵ** : ਪੰਜਾਬ ਇਸ ਸਮੇਂ ਮੌਸਮ ਦੀਆਂ ਬਦਲ ਰਹੀਆਂ ਪ੍ਰਸਥਿਤੀਆਂ ਦੇ ਨਾਲ-ਨਾਲ ਧਰਤੀ ਹੇਠਲੇ ਪਾਣੀ ਦੇ ਘੱਟ ਰਹੇ ਪੱਧਰ ਨਾਲ ਵੀ ਜੂਝ ਰਿਹਾ ਹੈ। ਸਾਡੇ ਸੂਬੇ ਦੀ ਖੇਤੀ ਨਹਿਰੀ ਪਾਣੀ ਅਤੇ ਧਰਤੀ ਹੇਠਲੇ ਪਾਣੀ ਤੇ ਨਿਰਭਰ ਕਰਦੀ ਹੈ। ਹਰ ਸਾਲ ਖੇਤੀ ਲਈ ਧਰਤੀ ਹੇਠਲਾ ਪਾਣੀ ਵੱਡੇ ਪੱਧਰ ਤੇ ਵਰਤਿਆ ਜਾ ਰਿਹਾ ਹੈ। ਜਦ ਕਿ ਵਰਖਾ ਰਾਹੀਂ ਉਹਨਾਂ ਪਾਣੀ ਧਰਤੀ ਹੇਠ ਨਹੀਂ ਜਾ ਰਿਹਾ। ਮਾਨਸੂਨ ਰੁੱਤ ਦੌਰਾਨ ਸਧਾਰਨ ਤੋਂ ਘੱਟ ਵਰਖਾ ਅਤੇ ਗਰਮ ਲਹਿਰ ਵਾਲੇ ਦਿਨਾਂ ਵਿੱਚ ਵਾਧਾ ਸਿੱਧੇ ਤੌਰ ਤੇ ਸਾਡੇ ਜਲ ਸਰੋਤਾਂ ਨੂੰ ਹੋਰ ਪ੍ਰਭਾਵਿਤ ਕਰ ਸਕਦਾ ਹੈ।

**ਪੀ. ਏ. ਯੂ. ਦੀਆਂ ਪਾਣੀ ਬਚਾਉਣ ਲਈ ਕੀਤੀਆਂ ਸਿਫ਼ਾਰਸ਼ਾਂ**

★ **ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਚੋਣ** : ਪਾਣੀ ਦੀ ਬੱਚਤ ਵਾਸਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਵਿਕਸਿਤ ਕੀਤੀਆਂ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਆਰ 126, ਪੀ ਆਰ 133 ਅਤੇ ਬਾਸਮਤੀ ਆਦਿ ਨੂੰ ਤਰਜੀਹ ਦੇਣਾ ਬਹੁਤ ਜ਼ਰੂਰੀ ਹੈ।

★ **ਧਰਤੀ ਹੇਠਲਾ ਪਾਣੀ ਬਚਾਉਣ ਵਾਲੀਆਂ ਤਕਨੀਕਾਂ** : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਵਿਕਸਿਤ ਕੀਤੀਆਂ ਧਰਤੀ ਹੇਠਲਾ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਜਿਵੇਂ ਕਿ ਝੋਨੇ ਦੀ ਤਰ-ਵੱਤਰ ਸਿੱਧੀ ਬਿਜਾਈ ਦੀ ਵਿਧੀ, ਝੋਨੇ ਵਿੱਚ ਲਗਾਤਾਰ ਪਾਣੀ ਖੜ੍ਹਾ ਰੱਖਣ ਦੀ ਬਜਾਏ ਗਿੱਲ ਅਤੇ ਸੁੱਕ ਵਾਲਾ ਸਿੰਜਾਈ ਪ੍ਰਬੰਧ, ਲੇਜ਼ਰ ਲੈਵਲਿੰਗ ਅਤੇ ਮਿੱਟੀ ਵਿੱਚ ਨਮੀਂ ਬਣਾਈ ਰੱਖਣ ਲਈ ਮਲਚ ਦੀ ਵਰਤੋਂ ਆਦਿ ਨੂੰ ਅਪਨਾਉਣਾ।

★ **ਫ਼ਸਲੀ ਵਿਭਿੰਨਤਾ** : ਝੋਨੇ ਹੇਠੋਂ ਕੁਝ ਰਕਬਾ ਘਟਾ ਕੇ ਘੱਟ ਪਾਣੀ ਲੈਣ ਵਾਲੀਆਂ ਫ਼ਸਲਾਂ ਜਿਵੇਂ ਕਿ ਸਾਉਣੀ ਰੁੱਤ ਦੀ ਮੱਕੀ ਅਤੇ ਦਾਲਾਂ ਆਦਿ ਹੇਠ ਲਿਆਉਣ ਨਾਲ ਵੀ ਪਾਣੀ ਨੂੰ ਕਾਫੀ ਹੱਦ ਤੱਕ ਬਚਾਇਆ ਜਾ ਸਕਦਾ ਹੈ।





# ਸਾਉਣੀ ਦੀਆਂ ਫ਼ਸਲਾਂ ਵਿੱਚ ਨਦੀਨਾਂ ਦੀ ਸਰਵਪੱਖੀ ਰੋਕਥਾਮ ਕਿਵੇਂ ਕਰੀਏ?

ਸਿਮਰਜੀਤ ਕੌਰ, ਤਰੁਨਦੀਪ ਕੌਰ ਅਤੇ ਜਸਵੀਰ ਸਿੰਘ ਗਿੱਲ,
ਫ਼ਸਲ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ
(ਮੋ. 98140-81108)

ਸਾਉਣੀ ਰੁੱਤ ਦੀਆਂ ਫ਼ਸਲਾਂ ਦਾ ਪੂਰਾ ਝਾੜ ਲੈਣ ਲਈ ਨਦੀਨਾਂ ਦੀ ਸਹੀ ਸਮੇਂ ਤੇ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੁੰਦੀ ਹੈ ਸਾਉਣੀ ਦੀਆਂ ਮੁੱਖ ਫ਼ਸਲਾਂ ਵਿੱਚ ਨਦੀਨਾਂ ਦੀ ਸੁਚੱਜੀ ਰੋਕਥਾਮ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੇ ਗਏ ਹੇਠ ਲਿਖੇ ਢੰਗ ਅਪਣਾਉਣੇ ਚਾਹੀਦੇ ਹਨ ।

**ਝੋਨਾ/ਬਾਸਮਤੀ**

ਕੱਦੂ ਕੀਤੇ ਖੇਤ ਵਿੱਚ ਸਵਾਂਕ, ਸਵਾਂਕੀ, ਕਣਕੀ, ਲੈਪਟੋਕਲੋਆ (ਚੀਨੀ) ਘਾਹ, ਝੋਨੇ ਦੇ ਮੋਥੇ, ਚੌੜੇ ਪੱਤੇ ਵਾਲੇ ਨਦੀਨ (ਘਰਿੱਲਾ, ਸਣੀ) ਆਦਿ ਮੁੱਖ ਨਦੀਨ ਹੁੰਦੇ ਹਨ ਜਦਕਿ ਸਿੱਧੀ ਬਿਜਾਈ ਵਾਲੇ ਝੋਨੇ ਵਿੱਚ ਇਹਨਾਂ ਨਦੀਨਾਂ ਤੋਂ ਇਲਾਵਾ ਮਧਾਣਾ, ਮੱਕੜਾ, ਤੱਕੜੀ ਘਾਹ, ਚਿੜੀ ਘਾਹ, ਤਾਂਦਲਾ, ਝਿੱਟਸਿੱਟ, ਗੰਢੀ ਵਾਲਾ ਡੀਲਾ/ਮੋਥਾ ਆਦਿ ਨਦੀਨ ਵੀ ਪਾਏ ਜਾਂਦੇ ਹਨ ।

**ਪਨੀਰੀ ਵਿੱਚ ਨਦੀਨਾਂ ਦੀ ਰੋਕਥਾਮ** : ਲੋੜ ਅਨੁਸਾਰ ਪਨੀਰੀ ਵਿੱਚ ਸਵਾਂਕ, ਸਵਾਂਕੀ ਅਤੇ ਝੋਨੇ ਦੇ ਮੋਥੇ ਦੀ ਰੋਕਥਾਮ ਲਈ 100 ਮਿਲੀਲਿਟਰ ਨੋਮਿਨੀ ਗੋਲਡ/ਵਾਸ਼ ਆਊਟ/ਮਾਚੋ/ਤਾਰਕ 10 ਐਸ. ਸੀ. (ਬਿਸਪਾਇਰੀਬੈਕ) ਪ੍ਰਤੀ ਏਕੜ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 15-20 ਦਿਨਾਂ ਬਾਅਦ ਛਿੜਕਾਅ ਕਰੋ ।

**ਪਨੀਰੀ ਨਾਲ ਲੱਗੇ ਝੋਨੇ ਵਿੱਚ ਨਦੀਨਾਂ ਦੀ ਰੋਕਥਾਮ** : ਪਨੀਰੀ ਲਾਉਣ ਤੋਂ 15 ਅਤੇ 30 ਦਿਨਾਂ ਬਾਅਦ ਦੋ ਗੋਡੀਆਂ ਪੈਡੀ ਵੀਡਰ ਨਾਲ ਕਰਨ ਨਾਲ ਜਾਂ ਨਦੀਨਾਂ ਨੂੰ ਹੱਥੀਂ ਪੁੱਟਣ ਨਾਲ ਕਾਬੂ ਕੀਤਾ ਜਾ ਸਕਦਾ ਹੈ । ਇਸ ਦੇ ਬਦਲ ਵਿੱਚ ਲੁਆਈ ਤੋਂ 2-3 ਦਿਨਾਂ ਅੰਦਰ ਘਾਹ ਵਾਲੇ ਨਦੀਨਾਂ ਜਿਵੇਂ ਕਿ ਸਵਾਂਕ/ਸਵਾਂਕੀ ਦੀ ਉੱਗਣ ਤੋਂ ਪਹਿਲਾਂ ਹੀ ਰੋਕਥਾਮ ਕਰਨ ਲਈ 1200 ਮਿਲੀਲਿਟਰ ਪ੍ਰਤੀ ਏਕੜ ਬੂਟਾਕਲੋਰ 50 ਈ. ਸੀ. ਜਾਂ ਬੂਟਾਕਲੋਰ 50 ਈ. ਡਬਲਯੂ. (ਫ਼ਾਸਟ ਮਿਕਸ) ਜਾਂ 600 ਮਿਲੀਲਿਟਰ ਪ੍ਰਤੀ ਏਕੜ ਪ੍ਰੈਟੀਲਾਕਲੋਰ 50 ਈ. ਸੀ. ਜਾਂ 750 ਮਿਲੀਲਿਟਰ ਪ੍ਰਤੀ ਏਕੜ ਪ੍ਰੈਟੀਲਾਕਲੋਰ 37 ਈ. ਡਬਲਯੂ. ਦੀ ਵਰਤੋਂ ਕਰਨੀ ਚਾਹੀਦੀ ਹੈ । ਜੇਕਰ ਖੇਤ ਵਿੱਚ ਝੋਨੇ ਦੇ ਮੋਥਿਆਂ ਦੀ ਸਮੱਸਿਆ ਹੋਵੇ ਤਾਂ 60 ਗ੍ਰਾਮ ਪ੍ਰਤੀ ਏਕੜ ਪਾਈਰੈਜ਼ੋਸਲਫੂਰਾਨ ਈਥਾਈਲ 10 ਡਬਲਯੂ. ਪੀ. (ਸਾਥੀ) ਦੀ ਵਰਤੋਂ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਮੌਸਮੀ ਘਾਹ ਦੀ ਰੋਕਥਾਮ ਲਈ ਪੈਂਡੀਮਿਥਾਲਿਨ 30 ਈ.ਸੀ. (ਸਟੌਂਪ) ਨੂੰ ਹਲਕੀਆਂ ਜ਼ਮੀਨਾਂ ਵਿੱਚ 1000 ਮਿਲੀਲਿਟਰ ਦੇ ਹਿਸਾਬ ਨਾਲ ਅਤੇ ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿੱਚ 1200 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਣਾ ਚਾਹੀਦਾ ਹੈ । ਕਿਸੇ ਇੱਕ ਨਦੀਨ-ਨਾਸ਼ਕ ਨੂੰ 60 ਕਿਲੋ ਰੇਤ ਪ੍ਰਤੀ ਏਕੜ ਦੇ ਹਿਸਾਬ ਵਿੱਚ ਮਿਲਾ ਕੇ ਖੜ੍ਹੇ ਪਾਣੀ ਵਿੱਚ ਛੱਟਾ ਦੇਣਾ ਚਾਹੀਦਾ ਹੈ ।

**ਝੋਨੇ ਦੀ ਲੁਆਈ ਤੋਂ 10-12 ਦਿਨਾਂ ਅੰਦਰ** : ਜਿਹਨਾਂ ਖੇਤਾਂ ਵਿੱਚ ਝੋਨੇ ਦੀ ਲੁਆਈ ਤੋਂ ਬਾਅਦ ਪਾਣੀ ਖੜ੍ਹਾ ਕਰਨ ਦੀ ਸਮੱਸਿਆ ਹੁੰਦੀ ਹੈ, ਉੱਥੇ 10-12 ਦਿਨਾਂ ਦੇ ਨਦੀਨ ਉਗਣੇ ਸ਼ੁਰੂ ਹੋ ਜਾਂਦੇ ਹਨ । ਇਹਨਾਂ ਸਥਿਤੀਆਂ ਵਿੱਚ ਸੁਵਾਂਕ, ਝੋਨੇ ਦੇ ਮੋਥੇ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ 40 ਮਿਲੀਲਿਟਰ ਪਿਨੌਕਸੁਲਮ 240 ਐਸ. ਸੀ. (ਗਰੈਨਿਟ) ਪ੍ਰਤੀ ਏਕੜ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਛਿੜਕਾਅ ਕਰਨ ਵੇਲੇ ਖੇਤ ਵਿੱਚ ਪਾਣੀ ਖੜ੍ਹਾ ਨਹੀਂ ਹੋਣਾ ਚਾਹੀਦਾ ਅਤੇ ਛਿੜਕਾਅ ਤੋਂ ਅਗਲੇ ਦਿਨ ਪਾਣੀ ਲਾਉਣਾ ਚਾਹੀਦਾ ਹੈ ।

**ਸਿੱਧੀ ਬਿਜਾਈ ਵਾਲੇ ਝੋਨੇ/ਬਾਸਮਤੀ ਵਿੱਚ ਨਦੀਨਾਂ ਦੀ ਰੋਕਥਾਮ** : ਸਿੱਧੇ ਬੀਜੇ ਝੋਨੇ ਵਿੱਚ ਨਦੀਨ ਉੱਗਣ ਤੋਂ ਪਹਿਲਾਂ ਹੀ ਘਾਹ ਅਤੇ ਕੁਝ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਦੇ 24 ਘੰਟਿਆਂ ਅੰਦਰ 1.0 ਲਿਟਰ ਪ੍ਰਤੀ ਏਕੜ ਸਟੌਂਪ/ਬੰਕਰ 30 ਈ ਸੀ (ਪੈਂਡੀਮੈਥਾਲਿਨ) ਜਾਂ ਪੇਪੇ 25 ਐਸ ਈ (ਪਿਨੌਕਸੁਲਮ 1%+ਪੈਂਡੀਮੈਥਾਲਿਨ 24%) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ । ਮੌਸਮੀ ਘਾਹ, ਮੋਥੇ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਅਸਰਦਾਰ ਰੋਕਥਾਮ ਲਈ ਪੇਪੇ ਨੂੰ ਤਰਜੀਹ ਦੇਣੀ ਚਾਹੀਦੀ ਹੈ । ਤਰ-ਵੱਤਰ ਖੇਤ ਵਿੱਚ ਜੇਕਰ ਲੱਕੀ ਸੀਡ ਡਰਿੱਲ ਨਾਲ ਬਿਜਾਈ ਕੀਤੀ ਹੋਵੇ ਤਾਂ ਬਿਜਾਈ ਅਤੇ ਨਦੀਨਨਾਸ਼ਕ ਦਾ ਛਿੜਕਾਅ ਇੱਕੋ ਸਮੇਂ ਹੋ ਜਾਂਦਾ ਹੈ ਅਤੇ ਜੇਕਰ ਬਿਜਾਈ ਟੇਢੀਆਂ ਪਲੇਟਾਂ ਵਾਲੀ ਟਰੈਕਟਰ ਡਰਿੱਲ ਨਾਲ ਕੀਤੀ ਹੋਵੇ ਤਾਂ ਬਿਜਾਈ ਤੋਂ ਤੁਰੰਤ ਬਾਅਦ ਨਦੀਨਨਾਸ਼ਕ ਦਾ ਛਿੜਕਾਅ ਕਰਨਾ ਚਾਹੀਦਾ ਹੈ ।

**ਮੱਕੀ**

ਮੱਕੀ ਦੀ ਫ਼ਸਲ ਵਿੱਚ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਸਮੇਂ 30 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਇਕਸਾਰ ਵਿਛਾਉਣ ਨਾਲ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਮੱਕੀ ਦੀਆਂ ਕਤਾਰਾਂ ਵਿੱਚ ਇਕ ਜਾਂ ਦੋ ਕਤਾਰਾਂ ਰਵਾਂਹ ਦੀਆਂ ਬੀਜਣ ਨਾਲ ਵੀ ਨਦੀਨਾਂ ਦੀ ਕੋਈ ਸਮੱਸਿਆ ਨਹੀਂ ਆਉਂਦੀ । ਰਸਾਇਣਕ ਢੰਗ ਨਾਲ ਨਦੀਨਾਂ ਦੀ ਰੋਕਥਾਮ ਲਈ ਪ੍ਰਤੀ ਏਕੜ ਦੇ ਹਿਸਾਬ ਨਾਲ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ 800 ਗ੍ਰਾਮ ਐਟਰਾਜ਼ੀਨ 50 ਡਬਲਯੂ ਪੀ ਅਤੇ ਹਲਕੀਆਂ ਜ਼ਮੀਨਾਂ ਵਿੱਚ 500 ਗ੍ਰਾਮ ਬਿਜਾਈ ਤੋਂ 10 ਦਿਨਾਂ ਦੇ ਅੰਦਰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ । ਇਸ ਦੇ ਵਿਕਲਪ ਵਜੋਂ 250 ਗ੍ਰਾਮ ਐਟਰਾਜ਼ੀਨ ਫ਼ਸਲ ਦੀਆਂ ਕਤਾਰਾਂ ਤੇ 20 ਸੈਂਟੀਮੀਟਰ ਚੌੜੀ ਪੱਟੀ ਵਿੱਚ ਛਿੜਕਾਅ ਕਰਨ ਅਤੇ ਕਤਾਰਾਂ ਵਿੱਚ ਬਾਕੀ ਰਹਿੰਦੀ ਜਗ੍ਹਾ ਦੀ 15-30 ਦਿਨਾਂ ਬਾਅਦ ਗੋਡੀ ਕਰਨ ਨਾਲ ਵੀ ਰੋਕਥਾਮ ਕੀਤੀ ਜਾ ਸਕਦੀ ਹੈ । ਇਸ ਦੇ ਬਦਲ ਵਿੱਚ ਬਿਜਾਈ ਤੋਂ 20 ਦਿਨਾਂ ਬਾਅਦ 105 ਮਿਲੀਲਿਟਰ ਟੈਂਬੋਟਰਾਇਨ 420 ਐਸ ਸੀ (ਲੌਡਿਸ) ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕੀਤਾ ਜਾ ਸਕਦਾ ਹੈ । ਡੀਲੇ/ਮੈਥੇ ਦੀ ਰੋਕਥਾਮ ਲਈ 400 ਮਿਲੀਲਿਟਰ ਪ੍ਰਤੀ ਏਕੜ 2, 4-ਡੀ ਅਮਾਈਨ ਸਾਲਟ 58 ਐਸ ਐਲ ਬਿਜਾਈ ਤੋਂ 20-25 ਦਿਨ ਬਾਅਦ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ ।

**ਨਰਮਾ/ਕਪਾਹ**

ਫ਼ਸਲ ਵਿੱਚ ਪਹਿਲੇ ਪਾਣੀ ਤੋਂ ਬਾਅਦ ਖੇਤ ਵੱਤਰ ਆਉਣ ਤੇ ਘਾਹ ਅਤੇ ਚੌੜੇ ਪੱਤੇ ਵਾਲੇ ਮੌਸਮੀ ਨਦੀਨਾਂ ਦੀ ਰੋਕਥਾਮ 500 ਮਿਲੀਲਿਟਰ ਪ੍ਰਤੀ ਏਕੜ ਹਿਟਵੀਡ ਮੈਕਸ 10 ਐਮ.ਈ.ਸੀ. (ਪਾਇਰੀਥਾਇਉਬੈਕ ਸੋਡੀਅਮ 6% + ਕੁਇਜ਼ਾਲੋਫਾਪ ਇਥਾਇਲ 4%) ਦਾ ਛਿੜਕਾਅ ਕਰਨਾ ਚਾਹੀਦਾ ਹੈ । ਇਹ ਨਦੀਨਨਾਸ਼ਕ ਲਪੇਟਾ ਵੇਲ (ਗੁਆਰਾ ਵੇਲ) ਦੀ ਵੀ 2 ਤੋਂ 5 ਪੱਤਿਆਂ ਦੀ ਅਵਸਥਾ ਤੇ ਚੰਗਾ ਰੋਕਥਾਮ ਕਰਦੀ ਹੈ । ਇਸ ਦੇ ਬਦਲ ਵਿੱਚ ਪ੍ਰਤੀ ਏਕੜ 500 ਮਿਲੀਲਿਟਰ ਗਰੈਮਕਸੋਨ 24 ਐਸ. ਐਲ. (ਪੈਰਾਕੁਐਟ) ਜਾਂ 900 ਮਿਲੀਲਿਟਰ ਸਵੀਪ ਪਾਵਰ 13.5 ਐਸ. ਐਲ. (ਗਲੂਫੋਸੀਨੇਟ ਅਮੋਨੀਅਮ) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 6-8 ਹਫ਼ਤੇ ਬਾਅਦ, ਜਦੋਂ ਫ਼ਸਲ ਦਾ ਕੱਦ ਤਕਰੀਬਨ 40-45 ਸੈਂਟੀਮੀਟਰ ਹੋਵੇ, ਸੁਰੱਖਿਅਤ ਹੁੱਡ ਦੀ ਵਰਤੋਂ ਕਰਕੇ ਫ਼ਸਲ ਦੀਆਂ ਕਤਾਰਾਂ ਵਿਚਕਾਰ ਨਦੀਨਾਂ ਉੱਪਰ ਸਿੱਧਾ ਛਿੜਕਾਅ ਕਰਨਾ ਚਾਹੀਦਾ ਹੈ । ਇਹਨਾਂ ਨਦੀਨ ਨਾਸ਼ਕਾਂ ਦੀ ਸਪਰੇਅ ਫ਼ਸਲ ਦੇ ਬੂਟਿਆਂ ਉੱਪਰ ਨਹੀਂ ਪੈਣੀ ਚਾਹੀਦੀ ਕਿਉਂਕਿ ਇਹ ਫ਼ਸਲ ਲਈ ਮਾਰੂ ਸਾਬਿਤ ਹੁੰਦੇ ਹਨ ।

**ਸਾਉਣੀ ਰੁੱਤ ਦੀਆਂ ਦਾਲਾਂ**

ਮੂੰਗੀ ਅਤੇ ਮਾਂਹ ਵਿੱਚ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਇੱਕ ਮਹੀਨੇ ਬਾਅਦ ਇੱਕ ਗੋਡੀ ਕਰਨੀ ਚਾਹੀਦੀ ਹੈ ਅਤੇ ਜੇਕਰ ਜ਼ਰੂਰਤ ਪਵੇ ਤਾਂ ਉਸ ਤੋਂ 15 ਦਿਨਾਂ ਬਾਅਦ ਇੱਕ ਗੋਡੀ ਹੋਰ ਕੀਤੀ ਜਾ ਸਕਦੀ ਹੈ । ਇਸ ਦੇ ਬਦਲ ਵਿੱਚ, ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 15-20 ਦਿਨਾਂ ਤੇ 300 ਮਿਲੀਲਿਟਰ ਇਮੇਜ਼ਥਾਪਾਇਰ 10 ਐਸ.ਐਲ. ਪ੍ਰਤੀ ਏਕੜ ਦਾ 150 ਲਿਟਰ ਪਾਣੀ ਵਰਤ ਕੇ ਛਿੜਕਾਅ ਕਰੋ । ਇਸੇ ਤਰ੍ਹਾਂ, ਅਰਹਰ ਅਤੇ ਸੋਇਆਬੀਨ ਵਿੱਚ ਨਦੀਨਾਂ ਦੀ ਰੋਕਥਾਮ ਲਈ ਦੋ ਗੋਡੀਆਂ ਬਿਜਾਈ ਤੋਂ ਤਿੰਨ ਅਤੇ ਛੇ ਹਫ਼ਤਿਆਂ ਬਾਅਦ ਕਰਨੀਆਂ ਚਾਹੀਦੀਆਂ ਹਨ । ਅਰਹਰ ਵਿੱਚ ਰਸਾਇਣਕ ਤਰੀਕੇ ਨਾਲ ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਈ ਸੀ (ਪੈਂਡੀਮੈਥਾਲਿਨ) 1 ਲਿਟਰ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 1-2 ਦਿਨਾਂ ਦੇ ਵਿੱਚ ਜਾਂ ਸਟੌਂਪ 600 ਮਿਲੀਲਿਟਰ ਪ੍ਰਤੀ ਏਕੜ ਦਾ ਛਿੜਕਾਅ ਬਿਜਾਈ ਉਪਰੰਤ ਕਰਕੇ 6 ਹਫ਼ਤਿਆਂ ਬਾਅਦ ਇੱਕ ਗੋਡੀ ਕਰਨੀ ਚਾਹੀਦੀ ਹੈ । ਸੋਇਆਬੀਨ ਵਿੱਚ ਨਦੀਨਾਂ ਦੀ ਰਸਾਇਣਿਕ ਰੋਕਥਾਮ ਲਈ ਬਿਜਾਈ ਉਪਰੰਤ ਦੋ ਦਿਨਾਂ ਅੰਦਰ ਸਟੌਂਪ 30 ਈ ਸੀ (ਪੈਂਡੀਮੈਥਾਲਿਨ) 600 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਤੋਂ ਬਾਅਦ, ਲੋੜ ਪੈਣ ਤੇ 40 ਦਿਨਾਂ ਦੇ ਇੱਕ ਗੋਡੀ ਜਾਂ 15-20 ਦਿਨਾਂ ਤੇ 300 ਮਿਲੀਲਿਟਰ ਪਰੀਮੇਜ਼ 10 ਐਸ ਐਲ (ਇਮੇਜ਼ਥਾਪਾਇਰ) ਪ੍ਰਤੀ ਏਕੜ ਨੂੰ 150 ਲਿਟਰ ਪਾਣੀ ਨਾਲ ਛਿੜਕਣਾ ਚਾਹੀਦਾ ਹੈ ।

ਕੇ ਐਸ ਗਰੁੱਪ
ਮਲੇਰਕੋਟਲਾ
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ


• ਲੋਨ ਉਪਲੱਬਧ
• ਪਾਊਡਰ ਕੋਟਿੰਗ ਪੇਂਟ
• ਸਬਸਿਡੀ ਉਪਲੱਬਧ
• ਪੇਟੇਂਟ ਡਿਜ਼ਾਇਨ
• ਬੁਕਿੰਗ ਸ਼ੁਰੂ
TOLL FREE NUMBER 1800-120-004455
• BHAGWAN ENGINNERING WORKS
• KS AGROTECH PVT. LTD.
• KS POWERTECH PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 24
ਮਿਤੀ 13-06-2026

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : JAGPREET SINGH,
Printer, Publisher and Owner of Weekly
'KHETI DUNIYAN' Printed at Drishti Printers,
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from Kheti Duniyan, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.PUNPUN00806


# ਆਓ ਆਲਮੀ ਤਪਸ਼ ਘਟਾਈਏ

**ਡਾ. ਨਿਰਮਲ ਸਿੰਘ, ਸੇਵਾਦਾਰ ਪੰਜਾਬੀ ਸੱਥ, ਲਾਂਬੜਾ-ਜਲੰਧਰ**

ਅੱਜ ਤੋਂ ਢਾਈ-ਤਿੰਨ ਸਦੀਆਂ ਪਹਿਲਾਂ ਬਾਬੇ ਵਾਰਸ ਸ਼ਾਹ ਨੇ ਆਪਣੀ ਸ਼ਾਹਕਾਰ ਰਚਨਾ 'ਹੀਰ' ਦੇ ਕਿੱਸੇ ਵਿਚ ਬੜਾ ਗਹਿਰ-ਗੰਭੀਰ ਸਵਾਲ ਸਾਡੇ ਭਾਈਚਾਰੇ ਦੇ ਸਿਰਮੌਰ ਭਰਾਵਾਂ ਸਾਹਮਣੇ ਕੁਝ ਸੋਚਣ ਤੇ ਅਮਲ ਕਰਨ ਲਈ ਉਠਾਇਆ ਸੀ -

**ਇਕ ਜੱਟ ਦੇ ਖੇਤ ਨੂੰ ਅੱਗ ਲੱਗੀ,**
**ਵੇਖਾਂ ਆਣ ਕੇ ਕਦੋਂ ਬੁਝਾਂਵਦਾ ਈ।**

ਅੱਜ ਉਹੋ ਅੱਗ ਇਕ ਦੋ ਖੇਤਾਂ ਨੂੰ ਨਹੀਂ, ਸਮੁੱਚੇ ਪੰਜਾਬ, ਹਰਿਆਣੇ ਤੇ ਪੱਛਮੀ ਯੂ. ਪੀ. ਦੇ ਖੇਤਾਂ, ਰੁੱਖਾਂ, ਬੂਟਿਆਂ, ਜੀਵ-ਜੰਤੂਆਂ, ਜੜ੍ਹੀਆਂ-ਬੂਟੀਆਂ ਤੇ ਸਭ ਤੋਂ ਵੱਧ 'ਮਾਤਾ ਧਰਤਿ ਮਹਤੁ' ਨੂੰ ਹਰ ਆਏ ਵਰ੍ਹੇ ਵਿਸਾਖ-ਜੇਠ ਅਤੇ ਕੱਤਕ-ਮੱਘਰ ਦੇ ਮਹੀਨਿਆਂ ਵਿਚ ਦੋ ਵਾਰ ਲੂੰਹਦੀ ਹੈ। ਭਸਮਾਸੁਰ ਦਾ ਇਹ ਤਾਂਡਵ ਨਾਚ ਨਾ ਕਦੀ ਕਿਸੇ ਮੰਤਰੀ-ਸੰਤਰੀ ਨੂੰ ਝੰਜੋੜਦਾ ਏ ਤੇ ਨਾ ਈ ਕਿਸੇ ਮੋਟੀਆਂ ਤਨਖਾਹਾਂ ਬਟੋਰਨ ਵਾਲੇ ਸਰਕਾਰੀ ਅਫਸਰਸ਼ਾਹ ਨੂੰ। ਧਰਮ ਕਰਮ ਦੇ ਪਹਿਰੇਦਾਰ ਅਖਵਾਉਣ ਵਾਲੇ, ਸਵਰਗਾਂ ਦੇ ਨਕਸ਼ੇ ਵਿਖਾਉਣ ਵਾਲੇ ਅਖਉਤੀ ਮਹਾਂਪੁਰਸ਼ਾਂ ਤੇ ਧਰਮ ਦੀ ਅਗਵਾਈ ਕਰਨ ਵਾਲਿਆਂ ਨੂੰ ਇਹ ਮਹਾਂ ਪਾਪ ਤੇ ਕਦੀ ਨਜ਼ਰ ਹੀ ਨਹੀਂ ਆਇਆ? ਆਮ ਲੋਕਾਈ ਦੀ ਤਾਂ ਗੱਲ ਈ ਵੱਖਰੀ ਹੈ ਕਿਉਂਕਿ ਉਹ ਸਹਿਜ ਵਾਲਾ ਸਿਹਤਮੰਦ ਰਾਹ ਵਿਸਾਰ ਕੇ ਸੰਸਾਰੀਕਰਨ ਵਾਲੀ ਭੋਗਵਾਦੀ ਗੱਡੀ ਦੇ ਮੁਸਾਫਰ ਬਣ ਕੇ ਮਾਇਆ ਦੀ ਚਕਾਚੌਂਧ ਵਿਚ ਸਭ ਕੁੱਝ ਭੁੱਲ ਗਏ ਹਨ। ਉਨ੍ਹਾਂ ਦੀ ਮੱਤ ਮਾਰੀ ਗਈ ਹੈ। ਗੁਰਬਾਣੀ ਅਨੁਸਾਰ 'ਮਇਆਧਾਰੀ ਅਤਿ ਅੰਨਾ ਬੋਲਾ।' ਸਮੁੱਚੇ ਸਮਾਜ ਨੂੰ ਨਾ ਕੁਦਰਤ ਦੇ ਪਸਾਰੇ ਦੀ ਪ੍ਰਵਾਹ ਹੈ ਤਾਂ ਨਾ ਹੀ ਆਪਣੇ ਆਰ-ਪਰਿਵਾਰ ਦੀ ਤੰਦਰੁਸਤੀ ਜਾਂ ਖੁਦ ਆਪਣੇ ਤਨ-ਬਦਨ ਦੀ।

ਕਦੇ ਕਦਾਈਂ ਅਖਬਾਰਾਂ, ਟੀ. ਵੀ., ਰੇਡੀਓ ਜਾਂ ਪ੍ਰਚਾਰ ਪ੍ਰਸਾਰ ਵਾਲੇ ਵਾਤਾਵਰਣ ਦੀ ਪਲੀਤੀ ਦਾ ਜ਼ਿਕਰ ਜ਼ਰੂਰ ਛੇੜਦੇ ਹਨ ਉਹ ਵੀ ਖਾਨਾਪੂਰਤੀ ਤੋਂ ਵੱਧ ਕੁਝ ਨਹੀਂ ਹੁੰਦਾ। ਉਨ੍ਹਾਂ ਨੂੰ ਰਾਜਨੀਤੀ, ਅਰਥਚਾਰੇ, ਅਸੱਭਿਅਕ-ਲੱਚਰ ਸਭਿਆਚਾਰ ਤੇ ਚਸਕੇਬਾਜ਼ ਸਾਹਿਬ ਅਤੇ ਵਿਕਾਊ ਖਬਰਾਂ, ਰਿਪੋਰਟਾਂ ਤੋਂ ਹੀ ਵਿਹਲ ਨਹੀਂ ਮਿਲਦੀ। ਕੋਰਟ, ਕਚਹਿਰੀਆਂ ਵਰ੍ਹੇ-ਛਿਮਾਹੀਂ ਕੋਈ ਹਿਲਜੁਲ ਜ਼ਰੂਰ ਪੈਦਾ ਕਰ ਦਿੰਦੀਆਂ ਨੇ ਪਰ ਉਨ੍ਹਾਂ ਦਾ ਉਹ ਹੁਕਮ 'ਪੈਂਚਾਂ ਦਾ ਕਿਹਾ ਸਿਰ ਮੱਥੇ, ਪਰ ਪਰਨਾਲਾ ਉੱਥੇ ਦਾ ਉੱਥੇ' ਵਾਲੀ ਅਖਾਉਤ ਬਣ ਕੇ ਰਹਿ ਜਾਂਦਾ ਹੈ। ਕੁਝ ਸਹੀ ਰਾਹ ਵਿਖਾਉਣ ਵਾਲੇ ਸੰਤ ਜਿਵੇਂ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਬਲਬੀਰ ਸਿੰਘ ਸੀਚੇਵਾਲ ਆਪਣੇ ਵੱਲੋਂ ਨਿਰੰਤਰ ਉਪਰਾਲੇ ਕਰ ਰਹੇ ਹਨ। ਇਵੇਂ ਹੀ ਕੁਝ ਸੱਜਣਾਂ ਨੇ ਸਮੂਹਿਕ ਰੂਪ ਵਿਚ ਜਾਂ ਵਿਅਕਤੀਗਤ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ, ਜਿਨ੍ਹਾਂ ਵਿਚ 'ਅਜੀਤ ਹਰਿਆਵਲ ਲਹਿਰ-ਜਲੰਧਰ', ਬਾਬਾ ਆਇਆ ਸੀ ਰਿਆੜਕੀ ਕਾਲਜ ਤੁਗਲਵਾਲਾ', 'ਪਿੰਗਲਵਾੜਾ-ਅੰਮ੍ਰਿਤਸਰ', ਸ੍ਰੀ ਸੁਰਿੰਦਰ ਬਾਂਸਲ-ਚੰਡੀਗੜ੍ਹ, ਚੌਗਿਰਦਾ ਬਚਾਓ ਕਮੇਟੀ ਪੰਜਾਬ-ਜਲੰਧਰ ਆਦਿ। ਪਰ ਇਹ ਸਾਰਾ ਕੁਝ ਅਜੇ ਵੀ ਨਗਾਰਖਾਨੇ ਵਿਚ ਤੂਤੀ ਤੋਂ ਵੱਧ ਨਹੀਂ। ਸਰਕਾਰ ਵੱਲੋਂ ਕਾਇਮ ਪ੍ਰਦੂਸ਼ਣ ਨਿਯੰਤਰਣ ਬੋਰਡ, ਵਣ ਵਿਭਾਗ, ਸਿਹਤ ਅਤੇ ਪਾਣੀ ਨਾਲ ਸਬੰਧਤ ਮਹਿਕਮੇ ਬੇਹੱਦ ਨਿਕੰਮੇ ਤੇ ਨਿੰਦਣਯੋਗ ਸਾਬਤ ਹੋਏ ਹਨ। ਆਓ ਕੁਝ ਦਹਾਕੇ ਪਿਛਾਂਹ ਝਾਤ ਮਾਰੀਏ ਜਦੋਂ ਪੰਜਾਬ ਸੱਚੀ-ਮੁੱਚੀ ਪਾਣੀਆਂ, ਤਰੋ ਤਾਜ਼ਾ ਕਰਨ ਵਾਲੀਆਂ ਪੌਣਾਂ ਅਤੇ ਰਿਸ਼ਟ-ਪੁਸ਼ਟ ਰੱਖਣ ਵਾਲੀ ਖਾਧ-ਖੁਰਾਕ 'ਤੇ ਮਾਣ ਕਰ ਸਕਦਾ ਸੀ।



ਕਣਕ ਦਾ ਨਾੜ ਤੇ ਝੋਨੇ ਦੀ ਪਰਾਲੀ ਸਾੜਨ ਦਾ ਰੁਝਾਨ ਹਕੀਕਤ ਵਿਚ ਅਖਾਉਤੀ ਹਰੇ ਇਨਕਲਾਬ ਦੀ ਹਨ੍ਹੇਰੀ ਤੋਂ ਕੁਝ ਸਾਲ ਪਿਛੋਂ 1970-80 ਵਾਲੇ ਦਹਾਕੇ ਵਿਚ ਸ਼ੁਰੂ ਹੋਇਆ। ਉਦੋਂ ਪੰਜਾਬੀਆਂ ਨੇ ਭੁੱਖੇ ਮਰਦੇ ਭਾਰਤ ਦਾ ਢਿੱਡ ਤਾਂ ਭਰ ਦਿੱਤਾ ਪਰ ਆਪਣੇ ਵਾਤਾਵਰਣ, ਸਿਹਤ ਤੇ ਕੁਦਰਤ ਨਾਲੋਂ ਨਿਖੇੜਾ ਕਰ ਲਿਆ। ਇਨ੍ਹਾਂ ਨੂੰ ਆਪਣੀ ਅਕਲ ਹੀ ਬਹੁਤੀ ਜਾਪਣ ਲੱਗੀ। ਇਹ ਲਾਈਲੱਗਪੁਣੇ 'ਚ ਨਵੇਂ ਦੋਗਲੇ ਖੁਸ਼ਕ ਬੀਜ, ਅਤਿ ਭਿਆਨਕ ਮਾਰੂ ਜ਼ਹਿਰਾਂ ਕੀਟਨਾਸ਼ਕਾਂ ਅਤੇ ਖਾਦਾਂ ਦੇ ਰੂਪ ਵਿਚ, ਲਹੂ ਪੀਣੇ ਲੋਹੇ ਦੇ ਟ੍ਰੈਕਟਰਾਂ, ਪੰਪਾਂ ਤੇ ਹੋਰ ਸੰਦ ਵਲੇਵਿਆਂ ਦੀ ਵਰਤੋਂ, ਪੂਰਬੀਆਂ ਕੋਲੋਂ ਕੰਮ ਕਰਵਾਉਣ ਦੀ ਮਜ਼ਬੂਰੀ ਵਿਚ ਆਪਣਾ-ਆਪ ਭੁੱਲ ਗਏ। ਉਪਜ ਵਧਾਉਣ, ਵਧ ਪੈਸੇ ਕਮਾਉਣ, ਧਨਵਾਨ ਅਖਵਾਉਣ ਦੀ ਧੁਨ ਕਾਰਨ ਖੇਤਾਂ ਵਿਚੋਂ ਇਕ ਫਸਲ ਦੀ ਥਾਂ ਤਿੰਨ-ਤਿੰਨ, ਚਾਰ-ਚਾਰ ਫਸਲਾਂ ਉਗਾਉਣ ਦੀ ਪ੍ਰਵਿਰਤੀ ਭਾਰੂ ਹੋ ਗਈ। ਕਣਕਾਂ ਦੀ ਵਾਢੀ ਅਤੇ ਝੋਨੇ ਦੀ ਕਟਾਈ ਤੋਂ ਬਾਅਦ ਦੂਜੇ ਦਿਨ ਹੀ ਨਵੀਂ ਫਸਲ ਲਈ ਜ਼ਮੀਨ ਤਿਆਰ ਕਰਨ ਵਾਸਤੇ ਨਾੜ ਜਾਂ ਪਰਾਲੀ ਸਾੜਨ ਦੀ ਇਹ ਕੁਲਹਿਣੀ ਪਿਰਤ ਤੁਰੀ। ਅੱਜ ਅਸੀਂ ਇਹ ਅਤਿ ਭਿਆਨਕ ਕਾਰੇ ਦੇ ਮਾੜੇ ਸਿੱਟੇ ਪ੍ਰਤੱਖ ਰੂਪ ਵਿਚ ਮਹਿਸੂਸ ਕਰ ਰਹੇ ਹਾਂ। ਖੇਤਾਂ ਵਿਚੋਂ ਉੱਠ ਰਿਹਾ ਇਹ ਧੂੰਆਂ ਤੇ ਅੱਗ ਦੇ ਭਾਂਬੜ ਸਿਰਫ ਅੱਗ ਨਹੀਂ ਇਹ ਸਾਡੀ ਅਤਿ ਭਿਆਨਕ ਹੋਣੀ ਦੇ ਵਰੰਟ ਹਨ। ਇਸ ਧੂੰਏਂ ਵਿਚ ਨਿਰੀ ਕਾਰਬਨ ਗੈਸ ਹੀ ਨਹੀਂ ਇਹਦੇ ਵਿਚ ਕਾਰਬਨ ਮੋਨੋਆਕਸਾਈਡ, ਸਲਫਰ, ਨਾਈਟਰੋਜਨ ਵਰਗੀਆਂ ਮਾਰੂ ਗੈਸਾਂ ਤੋਂ ਇਲਾਵਾ ਖੇਤੀ 'ਚ ਵਰਤੇ ਗਏ ਸਾਰੇ ਰਸਾਇਣਕ ਪਦਾਰਥਾਂ ਦੀ ਘਾਤਰ ਰਹਿੰਦ-ਖੂੰਹਦ ਵੀ ਸ਼ਾਮਲ ਹੁੰਦੀ ਹੈ। ਇਹੋ ਕਾਰਨ ਹੈ ਕਿ ਜਦੋਂ ਅੱਗਾਂ ਖੇਤਾਂ ਵਿਚ ਉੱਠਦੀਆਂ ਨੇ ਤਾਂ ਘਰਾਂ ਅੰਦਰ ਬੈਠੇ ਲੋਕ ਦਮੇ, ਅਲਰਜੀ, ਅੱਖਾਂ, ਚਮੜੀ ਤੇ ਜਿਗਰ ਦੀਆਂ ਬਿਮਾਰੀਆਂ ਵਾਲੇ ਵੱਡੇ-ਛੋਟੇ ਖਾਸ ਕਰ ਬੱਚੇ-ਬੁੱਢੇ ਇਕਦਮ ਅਸਰ ਮਹਿਸੂਸ ਕਰਦੇ ਹਨ। ਉਹ ਕਿਸੇ ਨਾ ਕਿਸੇ ਖਤਰਨਾਕ ਰੋਗ ਦੀ ਜਕੜ ਵਿਚ ਆ ਜਾਂਦੇ ਹਨ।


ਖੇਤਾਂ ਵਿਚਲੀ ਅੱਗ ਰੂਪੀ ਡੈਣ ਰਾਹਗੀਰਾਂ ਨੂੰ ਵੀ ਭੁੰਨ ਸੁੱਟਦੀ ਹੈ। ਗੱਡੀਆਂ, ਮੋਟਰਾਂ, ਪਸ਼ੂਆਂ, ਢਾਰਿਆਂ, ਕੋਠਿਆਂ ਤੇ ਬਿਜਲੀ ਦੀਆਂ ਤਾਰਾਂ ਨੂੰ ਅਕਸਰ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ। ਧਰਤੀ ਵਿਚਲੇ ਗੰਡ-ਗੰਡੋਏ, ਡੱਡੂ, ਕੱਛੂ, ਰੁੱਖਾਂ ਦੇ ਹਰੇ-ਭਰੇ ਫੁੱਲ, ਪੱਤੇ ਅਤੇ ਅਦਿੱਖ ਜੀਅ-ਜੰਤ ਇਹਦੀ ਲਪੇਟ 'ਚ ਆ ਜਾਂਦੇ ਨੇ। ਮਾਂ ਧਰਤੀ ਦਾ ਸੀਨਾ ਰੇਤ ਵਾਂਗੂੰ ਭੁੱਜ ਕੇ ਬਾਂਝ ਹੋ ਜਾਂਦਾ ਹੈ। ਦਮਾ, ਕੈਂਸਰ, ਅਲਰਜੀ, ਬਲੱਡ ਪ੍ਰੈਸ਼ਰ, ਯੂਰਿਕ ਐਸਿਡ ਵੱਧਣ, ਗੁਰਦੇ ਫੇਲ੍ਹ ਹੋਣ, ਜੋੜਾਂ ਦੀ ਤਕਲੀਫ, ਚਮੜੀ ਰੋਗ ਹੋਰ ਤਾਂ ਹੋਰ ਬੰਦਿਆਂ ਵਿਚ ਨਾਮਰਦੀ, ਔਰਤਾਂ ਵਿਚ ਬਾਂਝਪੁਣਾ ਸਿੱਧੇ ਜਾ ਅਸਿੱਧੇ ਪ੍ਰਦੂਸ਼ਿਤ ਵਾਤਾਵਰਣ ਨਾਲ ਜੁੜਿਆ ਹੋਇਆ ਮਸਲਾ ਹੈ। ਜੇ ਸੰਭਲ ਜਾਈਏ ਤਾਂ ਸ਼ਾਇਦ ਕੋਈ ਬਚਾਅ ਹੋ ਸਕੇ, ਨਹੀਂ ਤਾਂ ਅਗਨੀ ਦੇਵਤੇ ਦੀਆਂ ਲਾਲ ਜੀਭਾਂ ਨੇ ਸਾਨੂੰ ਜਿਉਂਦਿਆਂ ਹੀ ਭੁੰਨ ਸੁੱਟਣਾ ਹੈ।

ਸਰਕਾਰਾਂ ਨੇ ਤਾਂ ਰਾਜ ਕਰਨਾ ਹੁੰਦਾ ਹੈ। ਉਨ੍ਹਾਂ ਕੋਲੋਂ ਬਹੁਤੀ ਆਸ ਨਾ ਹੀ ਰੱਖੀ ਜਾਵੇ ਤਾਂ ਬੇਹਤਰ ਹੈ। ਆਪਣੇ ਦਿਮਾਗ ਦੀਆਂ ਬੂਹੇ-ਬਾਰੀਆਂ ਖੋਲ੍ਹ ਕੇ ਸੋਚੀਏ ਕਿ ਅੱਜ ਤੋਂ ਪੰਜਾਹ ਸਾਲ ਪਹਿਲਾਂ ਵੀ ਤਾਂ ਕਣਕ ਦੇ ਵੱਢਾਂ ਵਿਚ ਅਸੀਂ ਕੁਝ ਨਾ ਕੁਝ ਬੀਜਦੇ ਹੀ ਸਾਂ। ਹੁਣ ਕੰਬਾਈਨਾਂ ਦੀ ਰਹਿੰਦ-ਖੂੰਹਦ ਨੂੰ ਤੂੜੀ ਬਣਾਉਣ ਤੇ ਬਾਕੀ ਰਹਿ ਗਏ ਨੂੰ ਸਮੇਟਣ ਲਈ ਜਮਾਂ-ਘਟਾਓ ਵਿਚ ਪੈਣ ਦੀ ਥਾਂ ਗਾਲਣ ਦੀਆਂ ਜੁਗਤਾਂ ਸੋਚੀਏ। ਮਾਂ ਧਰਤੀ ਨੂੰ, ਪਿਤਾ ਪਾਣੀ ਅਤੇ ਗੁਰੂ ਰੂਪੀ ਪੌਣ ਤੋਂ ਬਚਾਉਣ ਲਈ ਇਕਜੁਟ ਹੋਈਏ। ਆਲਮੀ ਤਪਸ਼ ਘਟਾਈਏ, ਠੰਢ ਵਰਤਾਈਏ, ਆਪ ਵੀ ਜਿਉਂਦੇ-ਜਾਗਦੇ ਰਹੀਏ ਤੇ ਸਰਬੱਤ ਦਾ ਭਲਾ ਮੰਗਦੇ ਹੋਏ ਕੀਟ-ਪਤੰਗਾਂ ਤੇ ਸਮੁੱਚੀ ਬਨਸਪਤੀ ਨੂੰ ਵੀ ਸਾਂਭੀਏ। ਸਿਹਤ, ਅਮੀਰੀ ਤੇ ਸੁੱਖ-ਸ਼ਾਂਤੀ ਤਾਂ ਸਹਿਜ 'ਚੋਂ ਹੀ ਲੱਭ ਸਕਦੇ ਹਨ, ਸਾੜ ਫੂਕ ਤੇ ਹਿੰਸਾ ਜਾਂ ਤਾਅਨੇ-ਮਿਹਣਿਆਂ, ਉਲਾਹਮਿਆਂ 'ਚੋਂ ਕਤਈ ਵੀ ਨਹੀਂ। ਬਾਬਾ ਨਾਨਕ ਤਾਂ ਸਦੀਆਂ ਪਹਿਲੋਂ ਫੁਰਮਾ ਗਏ ਨੇ -

**'ਆਪਣ ਹੱਥੀਂ ਆਪਣਾ ਆਪੇ ਹੀ ਕਾਜੁ ਸਵਾਰੀਐ॥'**

# ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਨਿਬੇੜਨ ਦਾ ਵੇਲਾ





ਡਾ. ਰਣਜੀਤ ਸਿੰਘ

ਸਾਉਣੀ ਦੀਆਂ ਸਾਰੀਆਂ ਫ਼ਸਲਾਂ ਦੀ ਬਿਜਾਈ ਦਾ ਹੁਣ ਢੁਕਵਾਂ ਸਮਾਂ ਹੈ। ਹਮੇਸ਼ਾਂ ਪੰਜਾਬ ਵਿੱਚ ਕਾਸ਼ਤ ਲਈ ਸਿਫ਼ਾਰਸ਼ ਕੀਤੀਆਂ ਕਿਸਮਾਂ ਹੀ ਬੀਜਣੀਆਂ ਚਾਹੀਦੀਆਂ ਹਨ। ਝੋਨੇ ਦੀ ਲੁਆਈ ਪੂਰੇ ਜ਼ੋਰ ਨਾਲ ਹੋ ਰਹੀ ਹੈ। ਯਤਨ ਕਰੋ ਕਿ ਇਹ ਇਸ ਮਹੀਨੇ ਪੂਰੀ ਹੋ ਜਾਵੇ। ਜੇਕਰ ਅਗਲੇ ਮਹੀਨੇ ਲੁਆਈ ਕਰਨੀ ਪੈ ਜਾਵੇ ਤਾਂ ਪੱਕਣ ਵਿੱਚ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਲੁਆਈ ਕਰੋ। ਪੀ.ਆਰ. 126, ਪੀ.ਆਰ. 130 ਤੇ ਐਚ ਕੇ ਆਰ 47 ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਹਨ। ਝੋਨੇ ਦੀ ਲੁਆਈ ਆਪਣੀ ਦੇਖ ਰੇਖ ਹੇਠ ਕਰਵਾਉ ਤਾਂ ਜੋ ਇਕ ਥਾਂ ਦੇ ਬੂਟੇ ਲਗਾਏ ਜਾ ਸਕਣ, ਬੂਟੇ ਚੰਗੀ ਤਰ੍ਹਾਂ ਗੱਡੇ ਜਾਣ ਅਤੇ ਪੂਰੀ ਗਿਣਤੀ ਵਿੱਚ ਲਗਾਏ ਜਾਣ। ਇਕ ਵਰਗ ਮੀਟਰ ਥਾਂ ਵਿੱਚ 33 ਬੂਟੇ ਲਗਾਉਣ ਦਾ ਯਤਨ ਕੀਤਾ ਜਾਵੇ। ਪੰਜਾਬ ਵਿੱਚ ਝੋਨੇ ਦੀ ਕਿਸੇ ਵੀ ਦੋਗਲੀ ਕਿਸਮ ਦੀ ਸਿਫ਼ਾਰਸ਼ ਨਹੀਂ ਕੀਤੀ ਗਈ। ਇਸ ਕਰਕੇ ਦੋਗਲੀਆਂ ਕਿਸਮਾਂ ਦੀ ਕਾਸ਼ਤ ਨਾ ਕੀਤੀ ਜਾਵੇ।

ਬਾਸਮਤੀ ਦੀ ਲੁਆਈ ਜੂਨ ਮਹੀਨੇ ਬਿਲਕੁਲ ਨਹੀਂ ਕਰਨੀ ਚਾਹੀਦੀ, ਕਿਉਂਕਿ ਮੌਸਮ ਅਨੁਕੂਲ ਨਾ ਹੋਣ ਕਰਕੇ ਬਾਸਮਤੀ ਵਾਲੇ ਗੁਣ ਨਹੀਂ ਬਣਦੇ। ਬਾਸਮਤੀ ਦੀ ਲੁਆਈ ਅਗਲੇ ਮਹੀਨੇ ਕਰੋ। ਪੰਜਾਬ ਬਾਸਮਤੀ 7 ਅਤੇ ਪੂਸਾ ਬਾਸਮਤੀ 1847 ਵਧ ਝਾੜ ਦੇਣ ਵਾਲੀਆਂ ਕਿਸਮਾਂ ਹਨ। ਇਨ੍ਹਾਂ ਤੋਂ 19 ਕੁਇੰਟਲ ਝਾੜ ਪ੍ਰਾਪਤ ਹੋ ਜਾਂਦਾ ਹੈ।

ਨਰਮਾ ਪੱਛਮੀ ਜ਼ਿਲ੍ਹਿਆਂ ਦੀ ਮੁੱਖ ਫ਼ਸਲ ਹੈ। ਇਸ ਉਤੇ ਕੀੜਿਆਂ ਅਤੇ ਬਿਮਾਰੀਆਂ ਦਾ ਹਮਲਾ ਸਭ ਤੋਂ ਵੱਧ ਹੁੰਦਾ ਹੈ। ਇਸ ਕਰਕੇ ਕੀਟਨਾਸ਼ਕਾਂ ਦੀ ਵਰਤੋਂ ਕਰਨੀ ਪੈਂਦੀ ਹੈ। ਫ਼ਸਲ ਦਾ ਰੋਜ਼ ਸਰਵੇਖਣ ਕਰੋ। ਜਦੋਂ ਫ਼ਸਲ ਉਤੇ ਕਿਸੇ ਕੀੜੇ ਜਾਂ ਬਿਮਾਰੀ ਦਾ ਹਮਲਾ ਨਜ਼ਰ ਆਵੇ ਤਾਂ ਤੁਰੰਤ ਆਪਣੇ ਇਲਾਕੇ ਦੇ ਖੇਤੀ ਮਾਹਿਰਾਂ ਨਾਲ ਸੰਪਰਕ ਕਰੋ। ਉਸੇ ਦੀ ਸਲਾਹ ਅਨੁਸਾਰ ਜ਼ਹਿਰਾਂ ਦੀ ਵਰਤੋਂ ਕੀਤੀ ਜਾਵੇ। ਆਪਣੇ ਆਪ ਜਾਂ ਕਿਸੇ ਦੁਕਾਨਦਾਰ ਦੇ ਆਖਣ ਉਤੇ ਜ਼ਹਿਰਾਂ ਦਾ ਛਿੜਕਾਅ ਕਰਨ ਤੋਂ ਗੁਰੇਜ ਕੀਤਾ ਜਾਵੇ। ਜੇਕਰ ਮੀਂਹ ਨਹੀਂ ਪਿਆ ਅਤੇ ਨਰਮੇ ਨੂੰ ਪਹਿਲਾ ਪਾਣੀ ਨਹੀਂ ਦਿੱਤਾ ਤਾਂ ਹੁਣ ਪਾਣੀ ਜ਼ਰੂਰ ਲਗਾਵੋ। ਜ਼ਹਿਰ ਖਰੀਦਣ ਸਮੇਂ ਉਸ ਡੱਬੇ ਤੇ ਲਿਖੀ ਮਿਤੀ ਜ਼ਰੂਰ ਪੜ੍ਹੋ, ਮਿਆਦ ਲੰਘਾ ਚੁੱਕੀਆਂ ਜ਼ਹਿਰਾਂ ਦੀ ਵਰਤੋਂ ਨਾ ਕਰੋ।

ਮਾਂਹ ਦੀ ਦਾਲ ਪੰਜਾਬੀ ਘਰਾਂ ਵਿੱਚ ਸਭ ਤੋਂ ਵੱਧ ਵਰਤੀ ਜਾਂਦੀ ਹੈ। ਇਸ ਨੂੰ ਸ਼ਗਨਾਂ ਦੀ ਨਿਸ਼ਾਨੀ ਵੀ ਮੰਨਿਆ ਜਾਂਦਾ ਹੈ। ਬਜ਼ਾਰ ਵਿੱਚ ਇਹ ਸਭ ਤੋਂ ਮਹਿੰਗੀ ਮਿਲਦੀ ਹੈ। ਪਰ ਬਹੁਤ ਘੱਟ ਕਿਸਾਨ ਮਾਂਹ ਦੀ ਕਾਸ਼ਤ ਕਰਦੇ ਹਨ। ਪਿਛਲੇ ਸਾਲ ਪੰਜਾਬ ਵਿੱਚ ਕੇਵਲ ਦੋ ਕੁ ਹਜ਼ਾਰ ਹੈਕਟਰ ਵਿੱਚ ਇਸ ਦੀ ਕਾਸ਼ਤ ਕੀਤੀ ਗਈ ਸੀ। ਘੱਟੋ-ਘੱਟ ਘਰ ਦੀ ਵਰਤੋਂ ਲਈ ਕੁਝ ਰਕਬੇ ਵਿੱਚ ਇਸ ਦੀ ਬਿਜਾਈ ਜ਼ਰੂਰ ਕਰਨੀ ਚਾਹੀਦੀ ਹੈ। ਇਹ ਮਨੁੱਖ ਦੀ ਸਿਹਤ ਲਈ ਹੀ ਠੀਕ ਨਹੀਂ ਸਗੋਂ ਧਰਤੀ ਦੀ ਸਿਹਤ ਵੀ ਠੀਕ ਕਰਦੀ ਹੈ। ਇਸ ਦੀ ਬਿਜਾਈ ਜੂਨ ਮਹੀਨੇ ਦੇ ਅਖੀਰ ਜਾਂ ਅਗਲੇ ਮਹੀਨੇ ਦੇ ਸ਼ੁਰੂ ਵਿੱਚ ਕਰ ਦੇਣੀ ਚਾਹੀਦੀ ਹੈ। ਪੰਜਾਬ ਵਿੱਚ ਕਾਸ਼ਤ ਲਈ ਮਾਂਹ 114 ਮਾਂਹ 338 ਅਤੇ ਮਾਂਹ 883 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਵਧੀਆ ਫ਼ਸਲ ਚਾਰ ਕੁਇੰਟਲ ਤੱਕ ਪ੍ਰਤੀ ਏਕੜ ਝਾੜ ਦੇ ਦਿੰਦੀ ਹੈ। ਇਕ ਏਕੜ ਲਈ 8 ਕਿਲੋ ਮੋਟਾ ਅਤੇ ਨਿਰੋਗ ਬੀਜ ਚਾਹੀਦਾ ਹੈ। ਬਿਜਾਈ ਕਰਦੇ ਸਮੇਂ ਕਤਾਰਾਂ ਵਿਚਕਾਰ ਫ਼ਾਸਲਾ 30 ਸੈਂਟੀਮੀਟਰ ਰੱਖਿਆ ਜਾਵੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਇਕ ਮਹੀਨੇ ਪਿਛੋਂ ਗੋਡੀ ਜ਼ਰੂਰ ਕਰੋ। ਬਰਸਾਤ ਦਾ ਪਾਣੀ ਖੇਤ ਵਿੱਚ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ। ਬਿਜਾਈ ਸਮੇਂ 11 ਕਿਲੋ ਯੂਰੀਆ ਅਤੇ 60 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾ ਦੇਣੀ ਚਾਹੀਦਾ ਹੈ। ਮਾਂਹਾਂ ਦੀ ਮੱਕੀ ਦੀ ਫ਼ਸਲ ਵਿੱਚ ਵੀ ਬੀਜਿਆ ਜਾ ਸਕਦਾ ਹੈ। ਮੂੰਗੀ ਵੀ ਸਾਉਣੀ ਦੀ ਪ੍ਰਮੁੱਖ ਦਾਲ ਹੈ। ਇਸ ਦੀ ਕਾਸ਼ਤ ਵਲ ਵੀ ਧਿਆਨ ਦੇਣਾ ਚਾਹੀਦਾ ਹੈ। ਐਮ ਐਲ 1808, ਐਮ ਐਲ 2056 ਅਤੇ ਐਮ ਐਲ 818 ਉਨਤ ਕਿਸਮਾਂ ਹਨ। ਇਕ ਏਕੜ ਲਈ ਅੱਠ ਕਿਲੋ ਬੀਜ ਚਾਹੀਦਾ ਹੈ। ਬੀਜਣ ਤੋਂ ਪਹਿਲਾਂ ਬੀਜ ਨੂੰ ਟੀਕਾ ਜ਼ਰੂਰ ਲਗਾਵੋ।

ਮੱਕੀ ਦੀ ਬਿਜਾਈ ਇਸ ਮਹੀਨੇ ਪੂਰੀ ਕਰ ਲੈਣੀ ਚਾਹੀਦੀ ਹੈ। ਪੰਜਾਬ ਵਿੱਚ ਕਾਸ਼ਤ ਲਈ ਪੀ ਐਮ ਐਚ 11, ਪੀ ਐਮ ਐਚ 1, ਪੀ ਐਮ ਐਚ 14, ਪੀ ਐਮ ਐਚ 13 ਅਤੇ ਪੀ ਐਮ ਐਚ 17 ਅਤੇ ਐਨ ਕੇ 7328 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਪੀ ਐਮ ਐਚ 2 ਕੇਵਲ 83 ਦਿਨਾਂ ਵਿੱਚ ਪੱਕ ਜਾਂਦੀ ਹੈ ਪਰ ਇਸ ਦਾ ਝਾੜ 18 ਕੁਇੰਟਲ ਪ੍ਰਤੀ ਏਕੜ ਹੈ। ਜੇਕਰ ਮੰਡੀ ਵਿੱਚ ਹਰੀਆਂ ਛੱਲੀਆਂ ਵੇਚਣੀਆਂ ਹੋਣ ਤਾਂ ਪੰਜਾਬ ਸਵੀਟ ਕੌਰਨ 1 ਕਿਸਮ ਦੀ ਬਿਜਾਈ ਕਰੋ। ਇਸ ਦੇ ਦਾਣੇ ਮਿੱਠੇ ਹੁੰਦੇ ਹਨ ਤੇ ਇਹ ਮਹਿੰਗੇ ਭਾਅ ਵਿਕਦੀ ਹੈ। ਇਸੇ ਤਰ੍ਹਾਂ ਪੌਪ ਕਾਰਨ ਬਨਾਉਣ ਲਈ ਪਰਲ ਪੌਪ ਕਾਰਨ ਕਿਸਮ ਬੀਜੀ ਜਾਵੇ। ਇਸ ਦਾ ਝਾੜ ਕੋਈ 12 ਕੁਇੰਟਲ ਪ੍ਰਤੀ ਏਕੜ ਹੈ। ਜੇਕਰ ਵਿਕਰੀ ਦਾ ਪ੍ਰਬੰਧ ਹੋ ਸਕੇ ਤਾਂ ਕੁਝ ਰਕਬੇ ਵਿੱਚ ਮੱਕੀ ਦੀ ਕਾਸ਼ਤ ਬੇਬੀ ਕਾਰਨ ਲਈ ਕਰਨੀ ਚਾਹੀਦੀ ਹੈ। ਬੇਬੀ ਕਾਰਨ ਲਈ ਛੱਲੀ ਦੇ ਸੂਤ ਕੱਤਣਾ ਸ਼ੁਰੂ ਹੁੰਦਿਆਂ ਹੀ ਛੱਲੀ ਤੋੜ ਲਈ ਜਾਂਦੀ ਹੈ। ਇਸ ਨੂੰ ਚੰਗੇ ਹੋਟਲਾਂ ਵਿੱਚ ਸਲਾਦ, ਪਕੌੜੇ, ਅਚਾਰ ਆਦਿ ਲਈ ਵਰਤਿਆ ਜਾਂਦਾ ਹੈ। ਇਸ ਲਈ ਪੰਜਾਬ ਬੇਬੀ ਕਾਰਨ 1 ਕਿਸਮ ਦੀ ਕਾਸ਼ਤ ਕਰਨੀ ਚਾਹੀਦੀ ਹੈ। ਇਕ ਕਿਸਮ ਲਈ 16 ਕਿਲੋਗ੍ਰਾਮ ਬੀਜ ਦੀ ਲੋੜ ਹੈ। ਬਿਜਾਈ ਕਰਦੇ ਸਮੇਂ ਲਾਈਨਾਂ ਵਿਚਕਾਰ 30 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ 20 ਸੈਂਟੀਮੀਟਰ ਦਾ ਫ਼ਾਸਲਾ ਰੱਖਿਆ ਜਾਵੇ।

ਤਿਲਾਂ ਦੀ ਵਰਤੋਂ ਲਗਭਗ ਸਾਰੇ ਘਰਾਂ ਵਿੱਚ ਹੀ ਹੁੰਦੀ ਹੈ। ਪਰ ਅਸੀਂ ਹੁਣ ਦਾਲਾਂ ਵਾਂਗ ਇਨ੍ਹਾਂ ਦੀ ਬਿਜਾਈ ਵੀ ਕਰਨੀ ਛੱਡ ਦਿੱਤੀ ਹੈ। ਘਰ ਦੀ ਲੋੜ ਪੂਰੀ ਕਰਨ ਲਈ ਕੁਝ ਰਕਬੇ ਵਿੱਚ ਤਿਲਾਂ ਦੀ ਬਿਜਾਈ ਜ਼ਰੂਰ ਕਰੋ। ਪੰਜਾਬ ਤਿਲ ਨੰਬਰ 2 ਅਤੇ ਆਰ ਟੀ 346 ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਇਕ ਏਕੜ ਲਈ ਕੇਵਲ ਇਕ ਕਿਲੋ ਬੀਜ ਚਾਹੀਦਾ ਹੈ। ਬਿਜਾਈ ਸਮੇਂ ਲਾਈਨਾਂ ਵਿਚਕਾਰ 30 ਸੈਂਟੀਮੀਟਰ ਦਾ ਫ਼ਾਸਲਾ ਰੱਖਿਆ ਜਾਵੇ। ਬਿਜਾਈ ਸਮੇਂ 45 ਕਿਲੋ ਯੂਰੀਆ ਪ੍ਰਤੀ ਏਕੜ ਪਾਵੋ।

ਖੁਸ਼ਕ ਇਲਾਕਿਆਂ ਵਿੱਚ ਗੁਆਰੇ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ। ਐਚ ਜੀ 365, ਅਗੇਤਾ ਗੁਆਰਾ 112, ਐਚ ਜੀ 365 ਗੁਆਰਾ 80 ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਅਗੇਤਾ ਗੁਆਰਾ 112 ਸਭ ਤੋਂ ਵੱਧ ਝਾੜ ਅੱਠ ਕੁਇੰਟਲ ਪ੍ਰਤੀ ਏਕੜ ਦੇ ਦਿੰਦਾ ਹੈ। ਇਕ ਏਕੜ ਲਈ 10 ਕਿਲੋ ਬੀਜ ਚਾਹੀਦਾ ਹੈ। ਬਿਜਾਈ ਕਰਦੇ ਸਮੇਂ ਲਾਈਨਾਂ ਵਿਚਕਾਰ 45 ਸੈਂਟੀਮੀਟਰ ਦਾ ਫ਼ਾਸਲਾ ਰੱਖਿਆ ਜਾਵੇ। ਸੇਂਜੂ ਖੇਤਾਂ ਵਿੱਚ 13 ਕਿਲੋ ਯੂਰੀਆ ਅਤੇ 120 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਤੋਂ ਪਹਿਲਾਂ ਡਰਿਲ ਕਰੋ। ਰੇਤਲੇ ਇਲਾਕਿਆਂ ਵਿੱਚ ਬਾਜਰੇ ਦੀ ਦਾਣਿਆਂ ਲਈ ਕਾਸ਼ਤ ਵਲ ਵੀ ਧਿਆਨ ਦੇਣ ਦੀ ਲੋੜ ਹੈ।

ਦੇਸ਼ ਵਿੱਚ ਮੋਟੇ ਅਨਾਜਾਂ ਦੀ ਕਾਸ਼ਤ ਨੂੰ ਉਤਸਾਹਿਤ ਕਰਨ ਦਾ ਯਤਨ ਕੀਤਾ ਗਿਆ ਪਰ ਪੰਜਾਬ ਵਿਚ ਇਸ ਨੂੰ ਹੁੰਗਾਰਾ ਨਹੀਂ ਮਿਲਿਆ। ਸਿੰਚਾਈ ਸਹੂਲਤਾਂ ਤੋਂ ਪਹਿਲਾਂ ਮਾਲਵੇ ਵਿੱਚ ਬਾਜਰੇ ਦੀ ਖੇਤੀ ਹੁੰਦੀ ਸੀ। ਰੇਤ ਦੇ ਟਿੱਬਿਆਂ ਵਿੱਚ ਇਹ ਮੀਂਹ ਨਾਲ ਤਿਆਰ ਹੋ ਜਾਂਦਾ ਹੈ। ਇਥੋਂ ਦੇ ਲੋਕ ਤਾਂ ਬਾਜਰੇ ਦੀ ਰੋਟੀ ਹੀ ਖਾਂਦੇ ਸਨ। ਕਣਕ ਤਾਂ ਨਸੀਬਾਂ ਵਾਲਿਆਂ ਨੂੰ ਮਿਲਦੀ ਹੈ। ਮਾਲਵੇ ਵਿੱਚ ਝੋਨੇ ਹੇਠੋਂ ਕੁਝ ਰਕਬਾ ਕੱਢ ਕੇ ਬਾਜਰੇ ਹੇਠ ਬੀਜਿਆ ਜਾ ਸਕਦਾ ਹੈ। ਪੰਜਾਬ ਵਿੱਚ ਕਾਸ਼ਤ ਲਈ ਪੀ ਸੀ ਬੀ 167, ਪੀ ਸੀ ਬੀ 166 ਅਤੇ ਪੀ ਸੀ ਬੀ 164 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਕ ਏਕੜ ਵਿੱਚੋਂ 16 ਕੁਇੰਟਲ ਤੋਂ ਵੱਧ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ। ਕਿਸੇ ਵੀ ਫ਼ਸਲ ਦੀ ਕਾਸ਼ਤ ਨੂੰ ਉਤਸਾਹਿਤ ਕਰਨ ਲਈ ਇਹ ਜਾਨਣਾ ਜ਼ਰੂਰੀ ਹੋ ਜਾਂਦਾ ਹੈ ਕਿ ਉਪਜ ਨੂੰ ਕੌਣ ਖਰੀਦੇਗਾ ਅਤੇ ਕਿਉਂ ਖਰੀਦੇਗਾ। ਮੰਡੀ ਵਿੱਚ ਮੰਗ ਤੋਂ ਬਿਨਾਂ ਕਿਸੇ ਵੀ ਫ਼ਸਲ ਦੀ ਕਾਸ਼ਤ ਨੂੰ ਉਤਸ਼ਾਹਿਤ ਨਹੀਂ ਕਰਨਾ ਚਾਹੀਦਾ ਕਿਉਂਕਿ ਵਿਕਰੀ ਨਾ ਹੋਣ ਤੇ ਘਾਟਾ ਕਿਸਾਨ ਨੂੰ ਹੀ ਸਹਿਣਾ ਪੈਂਦਾ ਹੈ। ਫ਼ਸਲਾਂ ਵਿੱਚ ਪਾਣੀ ਦੀ ਘਟ ਤੋਂ ਘਟ ਵਰਤੋਂ ਕਰੋ ਤਾਂ ਜੋ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ।

ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਸਪਤਾਹਿਕ ਪਟਿਆਲਾ
ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ


12 ਨਹੀਂ 24 ਨਹੀਂ
ਹਰ ਹਫਤੇ ਪ੍ਰਕਾਸ਼ਿਤ ਹੋਣ ਵਾਲਾ 52 ਅੰਕ

# ਪੇਲਵਿਕ ਬੇਲਟ

## ਕੀ ਸੁਰੱਖਿਅਤ ਹੈ ਪ੍ਰੈਗਨੇਂਸੀ ਵਿੱਚ?

ਡਾ. ਨਵਦੀਪ ਚਾਵਲਾ
ਮੋ. 98766-48197

ਡਾ. ਰਿਪੁਦਮਨ ਸਿੰਘ
ਮੋ. 98152-00134

ਅੱਜ ਦੇ ਸਮੇਂ ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਔਰਤ ਹੋਵੇ ਜਾਂ ਮਰਦ ਬਹੁਤੇ ਕਰਕੇ ਆਪਣੀ ਕਮਰ ਦੇ ਦੁਆਲੇ ਹਲਕੇ ਸਲੇਟੀ ਜਾਂ ਭੂਰੇ ਰੰਗ ਦੀ ਚਾਵ ਵਾਲੀ ਕਮਰ ਪੇਟੀ ਬੰਨ੍ਹੀ ਰੱਖਦੇ ਹਨ ਜੇਕਰ ਪੁੱਛਿਆ



ਜਾਵੇ ਇਹੋ ਸੁਣਨ ਨੂੰ ਮਿਲਦਾ ਹੈ ਕਮਰ ਵਿੱਚ ਦਰਦ ਜਿਹਾ ਹੁੰਦਾ ਹੈ, ਇਸ ਲਈ ਲਗਾਈ ਹੈ ਹੋਰ ਕੁਝ ਖਾਸ ਨਹੀਂ। ਇਹ ਵੀ ਵੇਖਣ ਵਿੱਚ ਆਉਂਦਾ ਹੈ ਕਿ ਪ੍ਰੈਗਨੇਂਸੀ ਦਾ ਸਮਾਂ ਹਰ ਤੀਵੀਂ ਲਈ ਬਹੁਤ ਹੀ ਖੂਬਸੂਰਤ ਹੁੰਦਾ ਹੈ। ਹਾਲਾਂਕਿ ਇਸ ਸਮੇਂ ਔਰਤਾਂ ਕਈ ਤਰ੍ਹਾਂ ਦੀ ਸਰੀਰਕ ਅਤੇ ਮਾਨਸਿਕ ਬਦਲਾਵਾਂ ਅਤੇ ਚੁਨੌਤੀਆਂ ਦਾ ਸਾਹਮਣਾ ਕਰਦੀ ਹੈ। ਜਿਵੇਂ-ਜਿਵੇਂ ਪ੍ਰੈਗਨੇਂਸੀ ਵਿੱਚ ਕੁੱਖ ਵਿੱਚ ਸ਼ਿਸ਼ੂ ਦਾ ਵਿਕਾਸ ਹੁੰਦਾ ਹੈ ਤੀਵੀਂ ਦੇ ਸਰੀਰ ਢਿੱਡ ਦਾ ਸਰੂਪ ਬਦਲਣ ਲੱਗਦਾ ਹੈ ਜਿਸ ਦੇ ਨਾਲ ਪਿੱਠ, ਕਮਰ ਅਤੇ ਪੇਲਵਿਕ ਹਿੱਸਿਆਂ ਉੱਤੇ ਜ਼ਿਆਦਾ ਦਬਾਅ ਪੈਣ ਲੱਗਦਾ ਹੈ। ਇਸ ਦਰਦ ਅਤੇ ਔਖਿਆਈ ਤੋਂ ਰਾਹਤ ਪਾਉਣ ਲਈ ਕਈ ਔਰਤਾਂ ਪੇਲਵਿਕ ਬੇਲਟ ਜਾਂ ਮੈਟਰਨਿਟੀ ਸਪੋਰਟ ਦਾ ਇਸਤੇਮਾਲ ਕਰਦੀਆਂ ਹਨ। ਅਜਿਹੇ ਵਿੱਚ ਸਦਭਾਵਨਾ ਹਸਪਤਾਲ, ਪਟਿਆਲਾ ਦੇ ਗਾਇਨੇਕੋਲਾਜੀ ਦੇ ਮਾਹਿਰ **ਡਾ. ਮੋਨਿਕਾ ਵਰਮਾ** ਨਾਲ ਗਲ ਕਰਦੇ ਹੋਏ ਪਤਾ ਕੀਤਾ ਕਿ ਗਰਭ ਅਵਸਥਾ ਦੇ ਦੌਰਾਨ ਪੇਲਵਿਕ ਬੇਲਟ ਕਿੰਨੀ ਸੁਰੱਖਿਅਤ ਹੈ ? ਇਸ ਸਮੇਂ ਇਸਤਰੀ ਰੋਗਾਂ ਦੇ ਪੁਰਾਣੇ ਮਾਹਿਰ **ਡਾ. ਮਧੁਰਿਮਾ ਚਾਵਲਾ** ਵੀ ਗੱਲਬਾਤ ਵਿੱਚ ਸ਼ਾਮਿਲ ਸਨ।

### ਕੀ ਪ੍ਰੈਗਨੇਂਸੀ ਦੇ ਦੌਰਾਨ ਪੇਲਵਿਕ ਬੇਲਟ ਸੁਰੱਖਿਅਤ ਹੈ ?

ਡਾ. ਮੋਨਿਕਾ ਵਰਮਾ ਦਾ ਕਹਿਣਾ ਹੈ ਕਿ ਪ੍ਰੈਗਨੇਂਸੀ ਦੇ ਦੌਰਾਨ ਪੇਲਵਿਕ ਬੇਲਟ ਜਾਂ ਮੈਟਰਨਿਟੀ ਸਪੋਰਟ ਬੇਲਟ ਦਾ ਇਸਤੇਮਾਲ ਕਈ ਔਰਤਾਂ ਲਈ ਫ਼ਾਇਦੇਮੰਦ ਹੋ ਸਕਦਾ ਹੈ। ਖਾਸ ਤੌਰ ਉੱਤੇ ਤਦ ਜਦੋਂ ਕਮਰ ਦਰਦ, ਪੇਲਵਿਕ ਪ੍ਰੈਸ਼ਰ ਜਾਂ ਚਲਣ ਫਿਰਣ ਵਿੱਚ ਔਖਿਆਈ ਮਹਿਸੂਸ ਹੋ ਰਹੀ ਹੋਵੇ। ਇਹ ਬੇਲਟ ਢਿੱਡ ਜਾਂ ਪਿੱਠ ਨੂੰ ਸਪੋਰਟ ਦਿੰਦੀ ਹੈ ਜਿਸ ਨਾਲ ਸਰੀਰ ਦਾ ਸੰਤੁਲਨ ਬਿਹਤਰ ਰਹਿੰਦਾ ਹੈ ਅਤੇ ਮਾਸਪੇਸ਼ੀਆਂ ਉੱਤੇ ਦਬਾਅ ਨਹੀਂ ਪੈਂਦਾ। ਹਾਲਾਂਕਿ ਇਸ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਕੁੱਝ ਜ਼ਰੂਰੀ ਗੱਲਾਂ ਦਾ ਧਿਆਨ ਰੱਖਣਾ ਅਤੇ ਡਾਕਟਰ ਦੀ ਸਲਾਹ ਲੈਣਾ ਬਹੁਤ ਜ਼ਰੂਰੀ ਹੈ। ਪੇਲਵਿਕ ਬੇਲਟ ਨੂੰ ਕਦੇ ਵੀ ਕਸ ਕੇ ਨਹੀਂ ਬੰਨਣਾ ਚਾਹੀਦਾ ਕਿਉਂਕਿ ਇਸ ਤੋਂ ਢਿੱਡ ਅਤੇ ਗਰਭਾਸ਼ਏ ਉੱਤੇ ਪ੍ਰੈਸ਼ਰ ਪੈ ਸਕਦਾ ਹੈ, ਜੋ ਸ਼ਿਸ਼ੂ ਲਈ ਅਸੁਰੱਖਿਅਤ ਹੋ ਸਕਦਾ ਹੈ।

### ਟਾਇਟ ਪੇਲਵਿਕ ਬੇਲਟ ਨਾਲ ਕੀ ਹੁੰਦਾ ਹੈ ?

ਡਾ. ਮਧੁਰਿਮਾ ਚਾਵਲਾ ਨੇ ਸਪੱਸ਼ਟ ਕੀਤਾ ਕਿ ਪੇਲਵਿਕ ਬੇਲਟ ਦਾ ਇਸਤੇਮਾਲ ਠੀਕ ਤਰੀਕੇ ਅਤੇ ਸੀਮਿਤ ਸਮੇਂ ਲਈ ਹੀ ਕਰਨਾ ਚਾਹੀਦਾ ਹੈ। ਬਹੁਤ ਜ਼ਿਆਦਾ ਟਾਇਟ ਬੇਲਟ ਪਾਉਣ ਨਾਲ ਔਖਿਆਈ, ਸਕਿਨ ਉੱਤੇ ਪ੍ਰੈਸ਼ਰ ਜਾਂ ਬਲਡ ਸਰਕੁਲੇਸ਼ਨ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਇਸ ਲਈ ਇਸ ਨੂੰ ਹਮੇਸ਼ਾ ਡਾਕਟਰ ਦੀ ਸਲਾਹ ਅਤੇ ਠੀਕ ਫਿਟਿੰਗ ਦੇ ਨਾਲ ਅਤੇ ਵਿਸ਼ੇਸ਼ ਸਮੇਂ ਲਈ ਹੀ ਕਰਨਾ ਚਾਹੀਦਾ ਹੈ।

### ਬੇਲਟ ਪਹਿਨਣ ਦਾ ਠੀਕ ਸਮਾਂ

ਡਾ. ਮੋਨਿਕਾ ਵਰਮਾ ਅਨੁਸਾਰ ਆਮ ਤੌਰ ਉੱਤੇ ਦੂਜੀ ਅਤੇ ਤੀਜੀ ਤਿਮਾਹੀ ਵਿੱਚ ਪੇਲਵਿਕ ਬੇਲਟ ਦਾ ਇਸਤੇਮਾਲ ਜ਼ਿਆਦਾ ਕੀਤਾ ਜਾਂਦਾ ਹੈ ਜਦੋਂ ਢਿੱਡ ਦਾ ਸਾਇਜ਼ ਵਧਣ ਲੱਗਦਾ ਹੈ ਅਤੇ ਸਰੀਰ ਦਾ ਭਾਰ ਕਮਰ ਅਤੇ ਪੇਲਵਿਕ ਹਿੱਸੇ ਉੱਤੇ ਪ੍ਰੈਸ਼ਰ ਪਾਉਂਦਾ ਹੈ। ਲੇਕਿਨ ਹਰ ਪ੍ਰੈਗਨੇਂਟ ਔਰਤ ਦੀ ਸਰੀਰਕ ਹਾਲਤ ਵੱਖ ਹੁੰਦੀ ਹੈ। ਇਸ ਲਈ ਡਾਕਟਰ ਲੰਬੇ ਸਮੇਂ ਤੱਕ ਬੇਲਟ ਪਹਿਨਣਾ ਠੀਕ ਨਹੀਂ ਮੰਨਦੇ।

### ਪੇਲਵਿਕ ਬੇਲਟ ਕਦੋਂ ਨਹੀਂ ਪਾਉਣੀ ਚਾਹੀਦੀ ?

ਮਾਹਿਰਾਂ ਨੇ ਦੱਸਿਆ ਕਿ ਪ੍ਰੈਗਨੇਂਸੀ ਦੇ ਦੌਰਾਨ ਪੇਲਵਿਕ ਬੇਲਟ ਪਹਿਨਣਾ ਤੁਹਾਡੇ ਅਤੇ ਬੱਚੇ ਦੀ ਸਿਹਤ ਲਈ ਨੁਕਸਾਨਦਾਇਕ ਹੋ ਸਕਦਾ ਹੈ। ਇਸ ਲਈ ਕੋਈ ਵੀ ਪਰੇਸ਼ਾਨੀ ਹੋਣ ਉੱਤੇ ਤੁਰੰਤ ਡਾਕਟਰ ਦੀ ਸਲਾਹ ਲਵੋ।

ਫਿਜਿਓ ਥੈਰੇਪਿਸਟ ਡਾ. ਅੰਤਰਾ ਗੁਪਤਾ ਦਾ ਕਹਿਣਾ ਹੈ ਕਿ ਪੇਲਵਿਕ ਬੇਲਟ ਪ੍ਰੈਗਨੇਂਸੀ ਦੇ ਦਰਦ ਤੋਂ ਰਾਹਤ ਦਵਾਉਣ ਵਿੱਚ ਫ਼ਾਇਦੇਮੰਦ ਹੋ ਸਕਦੀ ਹੈ ਲੇਕਿਨ ਇਸ ਦਾ ਇਸਤੇਮਾਲ ਠੀਕ ਤਰੀਕੇ ਨਾਲ ਹੋਣਾ ਬਹੁਤ ਜ਼ਰੂਰੀ ਹੈ। ਕਿਸੇ ਵੀ ਜ਼ੋਖਮ ਤੋਂ ਬਚਣ ਲਈ ਡਾਕਟਰ ਦੀ ਸਲਾਹ ਉੱਤੇ ਹੀ ਇਸ ਦਾ ਇਸਤੇਮਾਲ ਕਰੋ। ਇਸ ਦਾ ਬਹੁਤ ਪ੍ਰਯੋਗ ਕਰਨ ਨਾਲ ਸਰੀਰ ਨੂੰ ਆਦਤ ਜਿਹੀ ਬਨਣ





ਤੁਹਾਡੇ ਲਈ ਫ਼ਾਇਦੇਮੰਦ ਹੋ ਸਕਦਾ ਹੈ ਲੇਕਿਨ ਜੇਕਰ ਇਸ ਨੂੰ ਪਹਿਨਣ ਦੇ ਬਾਅਦ ਤੁਹਾਨੂੰ ਦਰਦ, ਸਾਹ ਲੈਣ ਵਿੱਚ ਸਮੱਸਿਆ, ਚੱਕਰ ਆਉਣਾ ਜਾਂ ਔਖਿਆਈ ਮਹਿਸੂਸ ਹੋਵੇ ਤਾਂ ਇਸ ਦਾ ਇਸਤੇਮਾਲ ਤੁਰੰਤ ਬੰਦ ਕਰ ਦਿਉ। ਪੇਲਵਿਕ ਬੇਲਟ ਪਹਿਨਣ ਦੇ ਬਾਅਦ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਹੋਣਾ ਨਜ਼ਰ-ਅੰਦਾਜ਼ ਕਰਨਾ ਲੱਗਦੀ ਹੈ, ਇੱਕ ਸਹਾਰੇ ਵਜੋਂ ਜੋ ਅੱਗੇ ਜਾ ਕੇ ਪੇਲਵਿਕ ਮਾਸਪੇਸ਼ੀਆਂ ਨੂੰ ਕਮਜ਼ੋਰ ਕਰਨ ਦਾ ਕਾਰਣ ਵੀ ਬਣ ਸਕਦੀ ਹੈ।

ਪੇਲਵਿਕ ਬੇਲਟ ਦੀ ਜ਼ਰੂਰਤ ਤਾਂ ਡਾਕਟਰ ਦੀ ਸਲਾਹ ਅਤੇ ਨਿਗਰਾਨੀ ਤੇ ਆਦੇਸ਼ ਅਨੁਸਾਰ ਇਸਤੇਮਾਲ ਕਰਨੀ ਚਾਹੀਦੀ ਹੈ। ਕਿਸੇ ਦੇ ਕਹਿਣ ਜਾਂ ਦੇਖਾ-ਦੇਖੀ ਤੇ ਇਸਤੇਮਾਲ ਨਹੀਂ ਕਰਨੀ ਚਾਹੀਦੀ।

## ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ

ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਖ਼ੁਸ਼ਬੂ ਦਾ ਸੰਦੇਸ਼ਾ ਦਿੰਦੀ ਫੁੱਲਾਂ ਲੱਦੀ ਡਾਲੀ।
ਏਸੇ ਕਰਕੇ ਕੁਦਰਤ ਦੀ ਮਰਿਆਦਾ ਵਿਚ ਪਿਆਰ ਦਿਸੇ।
ਸ਼ੁੱਧਤਾ ਦੀ ਵਡਿਆਈ ਵਿੱਚ ਸਾਰਾ ਸਭਿਆਚਾਰ ਦਿਸੇ।
ਮਾਨਵ ਪਰਉਪਕਾਰੀ ਹੋਵੇ ਸਭਿਅਕ ਸ਼ਕਤੀਸ਼ਾਲੀ।
ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਜੀਵਨ ਸ਼ੈਲੀ ਮੁੱਦਤ ਤੋਂ ਭਾਰਤ ਦੀ ਪਹਿਚਾਣ ਰਹੀ।
ਰੁੱਖਾਂ-ਸੁੱਖਾਂ ਦੀ ਪਰਪਕਤਾ ਵਿੱਚ ਉੱਚੀ ਸ਼ਾਨ ਰਹੀ।
ਸੁਭਾਅ ਸੀਸਾਂ ਦੇ ਗੁਲਸ਼ਨ ਵਿੱਚ ਸੱਚਾ ਸੁੱਚਾ ਮਾਲੀ।
ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਸੰਜਮ, ਸੇਵਾ, ਜਪ-ਤਪ, ਸ਼ਰਧਾ ਸੰਜੋਗਤ ਸੁੰਦਰਤਾ।
ਰੁੱਖਾਂ ਕਰਕੇ ਦੁਨੀਆਂ ਉੱਤੇ ਸਾਹਾਂ ਦੀ ਹੈ ਪ੍ਰਬਲਤਾ।
ਇਸ ਦੀ ਗੋਦ ਵਿੱਚ ਜਾਗਰਤੀ ਦੀ ਉਤਮ ਹੈ ਹਰਿਆਲੀ।
ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਨਦ-ਨਦੀਆਂ ਤੇ ਝਰਨੇ ਹੁੰਦੇ ਸਭਿਅਤਾ ਦਾ ਆਧਾਰ।
ਕੁਦਰਤ ਜੀਵਾਂ, ਨਿਰਜੀਵਾਂ ਵਿੱਚ ਕਰਦੀ ਹੈ ਸੰਸਕਾਰ।
ਧਰਮੀ ਮਾਂ ਨੇ ਬੁੱਕਲ ਦੇ ਵਿੱਚ ਸਮਰਿੱਧੀ ਹੈ ਸੰਭਾਲੀ।
ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਰੰਗਾਂ ਢੰਗਾਂ ਸੰਗ ਉਮੰਗਾਂ ਪਲਕ ਲਲਕ ਤੋਂ ਵਾਰੇ।
ਏਸੇ ਕਰਕੇ ਚੰਗੇ ਲਗਦੇ ਕੁਦਰਤ ਵਿੱਚ ਨਜ਼ਾਰੇ।
ਚਹੁੰ ਮੁਖੀ ਏ ਦੀਵੇ ਨਾਲ ਸਜਦੀ ਜਿੱਦਾ ਸੁੰਦਰ ਥਾਲੀ।
ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਸਭ ਧਰਮਾਂ ਦੇ ਸੱਚੇ ਸੁੱਚੇ ਆਤਮ ਨਿਰਭਰ ਗ੍ਰੰਥਾਂ ਵਿੱਚ।
ਜਲਵਾਯੂ ਪ੍ਰਾਣ ਰਹੇ ਹਨ ਜਾਨ ਰਹੇ ਹਨ ਅਰਥਾਂ ਵਿੱਚ।
ਇਸ ਦੀ ਮਹਿਮਾ ਸੱਤਿਆ ਵਾਦੀ ਉਤਪਤੀ ਹੈ ਮਤਵਾਲੀ।
ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਜੀਵ ਅਤੇ ਨਿਰਜੀਵ ਸਹਾਰੇ ਇਨ੍ਹਾਂ ਕਰਕੇ ਹੁੰਦੇ।
ਕੁਦਰਤ ਦੇ ਵਿਚ ਸ਼ਿਲਪੀਕਾਰ ਨਜ਼ਾਰੇ ਇਨ੍ਹਾਂ ਕਰਕੇ ਹੁੰਦੇ।
ਉੱਦਮ ਵਾਲੀ ਲੋਅ ਸੂਰਜ ਨੇ ਅੰਬਰ ਦੇ ਵਿੱਚ ਬਾਲੀ।
ਚੰਗੇ ਵਾਤਾਵਰਨ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਨੈਤਿਕਤਾ ਵਿੱਚ ਮੰਜ਼ਿਲ ਵਾਲੀਆਂ ਸੁੰਦਰ ਸੁੰਦਰ ਰਾਹਵਾਂ।
ਤਾਂ ਹੀ ਸਭ ਨੂੰ ਚੰਗੀਆਂ ਲੱਗਦੀਆਂ ਅਦਭੁਤ ਧੁੱਪਾਂ ਛਾਵਾਂ।
ਸ਼ੁਧਤਾ, ਬੁਧਤਾ, ਭੌਤਿਕਤਾ ਦੀ ਉਚਤਾ ਸਰਬ ਨਿਰਾਲੀ।
ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਤਨ ਦੀ ਜੰਨਤ ਦੇ ਵਿੱਚ ਹੁੰਦੀਆਂ ਮੰਨਤ ਆਸ ਮੁਰਾਦਾਂ।
ਚੰਗੀ ਸਿਹਤ ਸਹੂਲਤ ਦੇ ਵਿਚ ਚੰਗੀਆਂ ਨੇ ਫਰਿਆਦਾਂ।
ਯੋਗਾ ਸਭਿਆਚਾਰਕ ਵਿੱਚ ਉਤਮ ਯੋਗਾ ਵਾਲੀ ਤਾਲੀ।
ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਪਵਨ ਸੁਗੰਧੀਆਂ ਪੈਦਾ ਕਰਦੇ ਹਵਨ ਅਰਚਨਾ ਪੂਜਾ।
ਉਤਮ ਸੋਹਣੇ ਜੀਵਨ ਦੇ ਵਿੱਚ ਇਸ ਦਾ ਮੁੱਲ ਨਾ ਦੂਜਾ।
ਦੁਨੀਆ ਦੇ ਲਈ ਕੁਦਰਤ ਨੇ ਤਾਂ ਹਰ ਇਕ ਰੁਤ ਉਛਾਲੀ।
ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਖ਼ੂਨ ਪਸੀਨੇ ਦੇ ਵਿੱਚ ਰਹਿ ਕੇ ਉਦਮੀ ਹੈ ਕਿਰਸਾਨ।
ਇਸ ਦੇ ਰੂਪ ਵਿੱਚ ਆਪ ਸਹਾਈ ਹੋ ਜਾਂਦਾ ਭਗਵਾਨ।
ਧਰਤੀ ਦੇ ਵਿੱਚ ਸੋਨਾ ਪੈਦਾ ਕਰਦੇ ਹੱਲ ਪੰਜਾਲੀ।
ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਇਸ ਤੋਂ ਸਿੱਖ ਕੇ ਬੰਦਾ ਬਨਦਾ ਕਰਮਠ ਯੋਧਾ ਕਿਰਤੀ।
ਤਾਂ ਹੀ ਆਤਮ ਸੰਤੁਸ਼ਟੀ ਹੁੰਦੀ ਮਸਤਕ ਦੇ ਵਿੱਚ ਬਿਰਤੀ।
ਲੋਰੀ ਦੇ ਵਿੱਚ ਗੁੜਤੀ ਦਿੰਦੀ ਧਰਤੀ ਕਰਮਾ ਵਾਲੀ।
ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਆਯੁਰਵੈਦਿਕ ਔਸ਼ਧੀਆਂ ਦਾ ਦਿੰਦੀ ਹੈ ਪ੍ਰਮਾਣ।
ਮੁਰਦੇ ਵਿੱਚ ਵੀ ਦਾਤੀ ਬਣ ਕੇ ਪਾ ਦਿੰਦੀ ਹੈ ਜਾਨ।
ਪਿੱਪਲ, ਬੋਹੜ, ਅਰਜਨ, ਕਿੱਕਰ, ਮੌਲਸ਼ਿਰੀ ਤੇ ਟਾਹਲੀ।
ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਆਓ ਸਾਰੇ ਰਲ ਮਿਲ ਕੇ ਧਰਮ ਸਵਰਗ ਬਣਾਈਏ।
ਚੰਨ ਤਾਰਿਆਂ ਵਾਗੂੰ ਏਥੇ ਥਾਂ-ਥਾਂ ਰੁੱਖ ਲਗਾਈਏ।
ਵੇਖਿਓ ਆਪਣੇ ਆਪ ਕਰੇਗੀ ਸ਼ੁਧਤਾ ਮਾਂ ਰਖਵਾਲੀ।
ਚੰਗੇ ਵਾਤਾਵਰਨ ਵਿੱਚ ਹੁੰਦੀ ਜੀਵਨ ਦੀ ਖ਼ੁਸ਼ਹਾਲੀ।
ਪਾਣੀ ਨਾਲੋਂ ਪਤਲੀ ਹੁੰਦੀ
ਗੁੜ ਦੇ ਨਾਲੋਂ ਮਿੱਠੀ।
ਬਾਲਮ ਦੀ ਤਾਂ ਹਰ ਇਕ
ਕਵਿਤਾ ਜੰਨਤ ਵਰਗੀ ਚਿੱਠੀ।
ਪ੍ਰਤੀਕਾਂ 'ਤੇ ਬਿੰਬਾਂ ਨੇ ਹੈ
ਸ਼ਬਦਾਂ ਵਿੱਚ ਖੰਗਾਲੀ।
ਚੰਗੇ ਵਾਤਾਵਰਨ ਵਿੱਚ
ਹੁੰਦੀ ਜੀਵਨ ਦੀ ਖ਼ੁਸ਼ਹਾਲੀ।



ਬਲਵਿੰਦਰ 'ਬਾਲਮ',
ਓਂਕਾਰ ਨਗਰ, ਗੁਰਦਾਸਪੁਰ
ਮੋ. 98156-25409

# ਝੋਨੇ ਦੀਆਂ ਕਿਸਮਾਂ ਦੀ ਲੁਆਈ ਦਾ ਸਮਾਂ

## ਝਾੜ, ਪਾਣੀ ਦੀ ਬੱਚਤ ਅਤੇ ਕੀੜੇ-ਬਿਮਾਰੀਆਂ ਦੇ ਰੁਝਾਨ

ਬੂਟਾ ਸਿੰਘ ਢਿੱਲੋਂ, ਰਣਵੀਰ ਸਿੰਘ ਗਿੱਲ ਅਤੇ ਕਮਲਪ੍ਰੀਤ ਸਿੰਘ
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 81461-00360)

ਝੋਨੇ ਵਿੱਚ ਪਾਣੀ ਦੀ ਬੱਚਤ ਵਾਲੀਆਂ ਤਕਨੀਕਾਂ ਦੀ ਵਰਤੋਂ ਵੀ ਮੱਦਦਗਾਰ ਹੈ।



ਲੁਆਈ ਦਾ ਢੁੱਕਵਾਂ ਸਮਾਂ ਇੱਕ ਮਹੱਤਵਪੂਰਨ ਗੈਰ-ਰੋਕੜ ਕਾਸ਼ਤਕਾਰੀ ਢੰਗ ਹੈ, ਜੋ ਝਾੜ ਵਧਾਉਣ ਦੇ ਨਾਲ-ਨਾਲ ਪਾਣੀ ਦੀ ਬੱਚਤ ਅਤੇ ਕੀਤੇ-ਮਕੌੜੇ ਅਤੇ ਬਿਮਾਰੀਆਂ ਦਾ ਹਮਲਾ ਘਟਾਉਣ ਵਿੱਚ ਸਹਾਈ ਹੁੰਦਾ ਹੈ। ਝੋਨੇ ਦੀ ਲੁਆਈ ਦੇ ਸਮੇਂ ਦਾ ਝਾੜ, ਸਿੰਚਾਈ ਵਾਲੇ ਪਾਣੀ ਦੀ ਵਰਤੋਂ, ਮਿਲਿੰਗ ਕੁਆਲਟੀ ਅਤੇ ਕੀੜੇ/ਬਿਮਾਰੀਆਂ ਦੇ ਉਪਰ ਪ੍ਰਭਾਵ ਅਤੇ ਪਰਾਲੀ ਪ੍ਰਬੰਧਨ ਲਈ ਉਪਲਬਧ ਸਮੇਂ ਸਬੰਧੀ ਜਾਣਕਾਰੀ ਹੇਠਾਂ ਦਿੱਤੀ ਗਈ ਹੈ :

### ਝਾੜ, ਪਾਣੀ ਬੱਚਤ ਅਤੇ ਮਿਆਰ ਲਈ ਲੁਆਈ ਦਾ ਢੁੱਕਵਾਂ ਸਮਾਂ

ਦਰਮਿਆਨੀ ਸਮੇਂ ਵਾਲੀਆਂ ਕਿਸਮਾਂ 25 ਜੂਨ ਦੀ ਲੁਆਈ ਤੇ ਵਧੀਆ ਝਾੜ ਦਿੰਦੀਆਂ ਹਨ (ਸਾਰਣੀ 1)। ਘੱਟ ਸਮੇਂ ਵਾਲੀ ਕਿਸਮ, ਪੀ ਆਰ 126 ਜੁਲਾਈ ਵਿੱਚ ਲਾਉਣ ਤੇ ਹੋਰ ਵੀ ਚੰਗੀ ਉਪਜ ਦਿੰਦੀ ਹੈ ਅਤੇ 8.1-19.4% ਤੱਕ ਪਾਣੀ ਦੀ ਬਚਤ ਕਰਦੀ ਹੈ। ਪੀ ਆਰ 126 ਵਿੱਚ ਸਾਬਤ ਚੌਲਾਂ ਦੀ ਮਾਤਰਾ ਵੀ ਜੂਨ ਦੇ ਅੰਤ ਤੋਂ ਜੁਲਾਈ ਦੇ ਅੱਧ ਤੱਕ ਵਧੀਆ ਰਹਿੰਦੀ ਹੈ, ਜਦਕਿ ਬਹੁਤ ਅਗੇਤੀ ਜਾਂ ਬਹੁਤ ਪਿਛੇਤੀ ਲੁਆਈ ਕਰਨ ਨਾਲ ਸਾਬਤ ਚੌਲਾਂ ਦੀ ਮਾਤਰਾ ਘੱਟ ਜਾਂਦੀ ਹੈ। (ਸਾਰਣੀ 2)

ਸਾਰਣੀ 1 : ਵੱਖ-ਵੱਖ ਲੁਆਈ ਤਰੀਖਾਂ ਅਧੀਨ ਦਰਮਿਆਨੇ ਸਮੇਂ ਵਾਲੀਆਂ ਕਿਸਮਾਂ ਦੀ ਝਾੜ ਅਤੇ ਸਿੰਚਾਈ ਵਾਲੇ ਪਾਣੀ ਦੀ ਵਰਤੋਂ

| ਲੁਆਈ ਦੀ ਮਿਤੀ | ਝਾੜ (ਕੁਇੰਟਲ/ਏਕੜ) | | | 5 ਜੂਨ ਦੇ ਮੁਕਾਬਲੇ ਸਿੰਚਾਈ ਵਾਲੇ ਪਾਣੀ ਦੀ ਬੱਚਤ (%) |
|---|---|---|---|---|
| | ਪੀ ਆਰ 128 | ਪੀ ਆਰ 131 | ਪੀ ਆਰ 121 | |
| 15 ਜੂਨ | 31.7 | 35.6 | 32.3 | - |
| 25 ਜੂਨ | 35.1 | 36.3 | 33.5 | 7.1 |
| 5 ਜੁਲਾਈ | 31.4 | 33.2 | 32.2 | 12.1 |
| 15 ਜੁਲਾਈ | - | 31.4 | 29.0 | 18.6 |

### ਕੀੜੇ ਅਤੇ ਬਿਮਾਰੀਆਂ 'ਤੇ ਲੁਆਈ ਦੇ ਸਮੇਂ ਦਾ ਪ੍ਰਭਾਵ

ਝੋਨੇ ਦੀ ਲੁਆਈ ਅਗੇਤੀ ਸ਼ੁਰੂ ਹੋਣ ਕਰਕੇ ਕੀੜੇ-ਮਕੌੜਿਆਂ ਦੀਆਂ ਜ਼ਿਆਦਾ ਪੀੜ੍ਹੀਆਂ ਬਣਦੀਆਂ ਹਨ। ਇਹ ਸਥਿਤੀ ਪੀ. ਏ. ਯੂ., ਲੁਧਿਆਣਾ ਵਿਖੇ ਕਰਵਾਏ ਗਏ ਵੱਖ-ਵੱਖ ਅਧਿਐਨਾਂ ਵਿੱਚ ਝੋਨੇ ਦੀ ਗੋਭ ਦੀਆਂ ਸੁੰਡੀਆਂ (ਪੀਲੀ, ਚਿੱਟੀ ਅਤੇ ਗੁਲਾਬੀ) ਲਈ ਦੇਖੀ ਗਈ ਹੈ। ਗੋਭ ਦੀਆਂ ਸੁੰਡੀਆਂ ਅਤੇ ਭੂਰੇ ਟਿੱਡਿਆਂ ਦੀ ਜ਼ਿਆਦਾ ਸੰਖਿਆ ਬਾਸਮਤੀ ਦੀ ਫ਼ਸਲ ਲਈ ਗੰਭੀਰ ਖ਼ਤਰਾ ਪੈਦਾ ਕਰੇਗੀ ਕਿਉਂਕਿ ਇਹਨਾਂ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੀ ਪਿਛੇਤੀ ਵਰਤੋਂ ਕਰਕੇ ਕੀਟਨਾਸ਼ਕਾਂ ਦੀ ਰਹਿੰਦ ਖੂੰਹਦ ਦੀਆਂ ਸੀਮਾਵਾਂ ਕਾਰਨ ਬਾਸਮਤੀ ਚਾਵਲ ਦੀ ਬਰਾਮਦ ਨੂੰ ਕਮਜ਼ੋਰ ਕਰਨ ਲਈ ਕਿਸਾਨੀ ਨੂੰ ਭਾਰੀ ਨੁਕਸਾਨ ਕਰੇਗਾ। ਝੋਨੇ ਦੀ ਫ਼ਸਲ 'ਤੇ ਕੀੜੇ ਦਾ ਵਾਧਾ ਆਉਣ ਵਾਲੀ ਕਣਕ ਦੀ ਫ਼ਸਲ ਲਈ ਵੀ ਖ਼ਤਰਾ ਸਾਬਤ ਹੋ ਸਕਦਾ ਹੈ ਜਿਵੇਂ ਕਿ ਸਾਲ 2019 ਦੌਰਾਨ ਝੋਨੇ ਦੀ ਫ਼ਸਲ ਤੋਂ ਬਾਅਦ ਗੁਲਾਬੀ ਸੁੰਡੀ ਦੇ ਮਾਮਲੇ ਵਿੱਚ ਹੋਇਆ ਸੀ।

### ਝੋਨੇ ਦਾ ਮਧਰਾ ਰੋਗ (ਸਾਊਦਰਨ ਬਲੈਕ ਸਟ੍ਰੀਕਡ ਡਵਾਰਫ ਵਾਇਰਸ)

ਝੋਨੇ ਦੀ ਫ਼ਸਲ ਉਪਰ 2022 ਅਤੇ 2025 ਵਿੱਚ ਨਵੇਂ ਵਾਇਰਸ ਦਾ ਹਮਲਾ ਦੇਖਿਆ ਗਿਆ। ਆਮ ਤੌਰ ਤੇ ਇਹ ਬਿਮਾਰੀ ਅਗੇਤੀ ਲੁਆਈ ਵਿੱਚ ਜ਼ਿਆਦਾ ਗੰਭੀਰ ਪਾਈ ਗਈ। ਇਸ ਲਈ 20-25 ਮਈ ਤੋਂ ਪਹਿਲਾਂ ਨਰਸਰੀ ਅਤੇ 20-25 ਜੂਨ ਤੋਂ ਪਹਿਲਾਂ ਝੋਨੇ ਦੀ ਲੁਆਈ ਤੋਂ ਗੁਰੇਜ਼ ਕੀਤਾ ਜਾਵੇ।

ਸਾਰਣੀ 2 : ਵੱਖ-ਵੱਖ ਲੁਆਈ ਤਰੀਖਾਂ ਅਧੀਨ ਘੱਟ ਸਮੇਂ ਵਾਲੀ ਕਿਸਮ (ਪੀ ਆਰ 126) ਦਾ ਝਾੜ, ਸਿੰਚਾਈ ਵਾਲੇ ਪਾਣੀ ਦੀ ਵਰਤੋਂ ਅਤੇ ਮਿਲਿੰਗ ਕੁਆਲਟੀ

| ਲੁਆਈ ਦੀ ਮਿਤੀ | ਝਾੜ (ਕੁਇੰਟਲ/ ਏਕੜ) | 15 ਜੂਨ ਦੇ ਮੁਕਾਬਲੇ ਸਿੰਚਾਈ ਪਾਣੀ ਦੀ ਬੱਚਤ (%) | ਸਾਬਤ ਚੌਲਾਂ ਦੀ ਰਿਕਵਰੀ (%) |
|---|---|---|---|
| 15 ਜੂਨ | 28.8 | - | 56.7 |
| 25 ਜੂਨ | 33.2 | 8.1 | 60.1 |
| 5 ਜੁਲਾਈ | 34.2 | 13.8 | 61.2 |
| 15 ਜੁਲਾਈ | 33.3 | 19.4 | 61.5 |
| 25 ਜੁਲਾਈ | 29.8 | 23.8 | 56.0 |

ਸਾਰਣੀ 3 : ਝੋਨਾ ਵੱਢਣ ਤੋਂ ਕਣਕ ਬੀਜਣ ਦਰਮਿਆਨ ਵਕਫਾ

| ਕਿਸਮ (ਲੁਆਈ ਦਾ ਸਮਾਂ) | ਪਰਾਲੀ (ਕੁਇੰਟਲ/ ਏਕੜ) | ਲੰਬੇ ਸਮੇਂ ਵਾਲੀ ਕਿਸਮ ਦੇ ਮੁਕਾਬਲੇ ਪਰਾਲੀ ਦੀ ਮਾਤਰਾ | ਝੋਨਾ ਵੱਢਣ ਤੋਂ ਕਣਕ ਬੀਜਣ ਦਰਮਿਆਨ ਵਕਫਾ |
|---|---|---|---|
| ਪੀ ਆਰ 126 (25 ਜੂਨ-10 ਜੁਲਾਈ) | 39.1 | (-) 10.3% | 25-40 ਦਿਨ |
| ਪੀ ਆਰ 131 (20 ਜੂਨ-25 ਜੂਨ) | 40.2 | (-) 7.3% | 22-27 ਦਿਨ |
| ਪੂਸਾ-44★ (10 ਜੂਨ-20 ਜੂਨ) | 43.6 | - | 0-5 ਦਿਨ |

★ ਲੰਬੇ ਸਮੇਂ ਵਾਲੀ ਕਿਸਮ ਜੋ ਕੁਝ ਕਿਸਾਨਾਂ ਦੁਆਰਾ ਉਗਾਈ ਜਾਂਦੀ ਹੈ।



### ਪਰਾਲੀ ਪ੍ਰਬੰਧਨ ਲਈ ਸਮਾਂ

ਘੱਟ ਸਮੇਂ ਵਾਲੀਆਂ ਕਿਸਮਾਂ ਝੋਨੇ ਦੀ ਵਾਢੀ ਅਤੇ ਹਾੜੀ ਦੀ ਫ਼ਸਲ ਦੀ ਬਿਜਾਈ ਵਿਚਕਾਰ ਜ਼ਿਆਦਾ ਸਮਾਂ ਦਿੰਦੀਆਂ ਹਨ ਅਤੇ ਇਹਨਾਂ ਕਿਸਮਾਂ ਦੀ ਪਰਾਲੀ ਦੀ ਮਾਤਰਾ ਵੀ ਘੱਟ ਹੁੰਦੀ ਹੈ। ਪੀ ਆਰ 126 ਵਿੱਚ 25-40 ਦਿਨ ਦਾ ਸਮਾਂ ਮਿਲਦਾ ਹੈ, ਜਦਕਿ ਲੰਬਾ ਸਮਾਂ ਲੈਣ ਵਾਲੀ ਕਿਸਮ ਪੂਸਾ 44 ਵਿੱਚ ਇਹ ਕੇਵਲ 0-5 ਦਿਨ ਹੁੰਦਾ ਹੈ (ਸਾਰਣੀ 3)।

---

**ਹੁਣੇ ਤੋਂ ਕਰ ਲਓ**

# ਬਰਸਾਤ ਵਾਲੀਆਂ ਸਬਜ਼ੀਆਂ ਦੀ ਤਿਆਰੀ

ਬਰਸਾਤ ਦੇ ਮੌਸਮ ਲਈ ਭਿੰਡੀ, ਤੋਰੀ, ਲੌਕੀ, ਕਰੇਲਾ, ਸੈਮ, ਮਿਰਚ, ਪਾਲਕ ਅਤੇ ਖੀਰਾ ਵਰਗੀਆਂ ਸਬਜ਼ੀਆਂ ਚੰਗੀਆਂ ਮੰਨੀਆਂ ਜਾਂਦੀਆਂ ਹਨ। ਇਹ ਇਸ ਤਰ੍ਹਾਂ ਦੀਆਂ ਸਬਜ਼ੀਆਂ ਹਨ, ਜੋ ਘੱਟ ਦੇਖ-ਰੇਖ ਵਿੱਚ ਵੀ ਮੌਨਸੂਨ ਦੇ ਪਾਣੀ ਕਾਰਨ ਤੇਜ਼ੀ ਨਾਲ ਵਧਦੀਆਂ ਹਨ ਅਤੇ ਚੰਗੀ ਮਾਤਰਾ ਵਿੱਚ ਫ਼ਸਲ ਦਿੰਦੀਆਂ ਹਨ। ਭਿੰਡੀ ਅਤੇ ਮਿਰਚ ਦੇ ਬੂਟਿਆਂ ਨੂੰ ਤਾਂ ਗਮਲਿਆਂ ਵਿੱਚ ਵੀ ਚੰਗੀ ਤਰ੍ਹਾਂ ਨਾਲ ਲਗਾਇਆ ਜਾ ਸਕਦਾ ਹੈ। ਜਦ ਕਿ ਵੇਲ ਵਾਲੀਆਂ ਸਬਜ਼ੀਆਂ ਲਈ ਥੋੜ੍ਹੀ ਖੁੱਲ੍ਹੀ ਥਾਂ ਬਿਹਤਰ ਹੁੰਦੀ ਹੈ। ਪਰ ਜੇਕਰ ਨਾ ਹੋਵੇ ਤਾਂ ਵੱਡੇ ਗਮਲੇ ਵਿੱਚ ਜ਼ਿਆਦਾ ਡੂੰਘਾਈ ਤੱਕ ਦੇਸੀ ਖਾਦ ਅਤੇ ਮਿੱਟੀ ਦੀ ਮੌਜੂਦਗੀ ਵਿੱਚ ਗਮਲੇ ਵਿੱਚ ਵੀ ਇਹ ਭਰਪੂਰ ਫ਼ਸਲ ਦੇ ਸਕਦੀ ਹੈ। ਪਰ ਇਹ ਗੱਲ ਯਕੀਨੀ ਕਰਨੀ ਚਾਹੀਦੀ ਹੈ ਕਿ ਸਾਧਾਰਨ ਮਿੱਟੀ ਵਿੱਚ ਗੋਹੇ ਦੀ ਖਾਦ ਦੀ ਓਨੀ ਹੀ ਮਾਤਰਾ ਹੋਵੇ, ਜਿੰਨੀ ਮਿੱਟੀ ਦੀ। ਸੜੀ ਖਾਦ, ਵਰਮੀ ਕੰਪੋਸਟ ਅਤੇ ਇੱਕ-ਤਿਹਾਈ ਰੇਤ ਮਿਲਾ ਕੇ ਇਸ ਨੂੰ ਜ਼ਿਆਦਾ ਉਪਜਾਊ ਬਣਾਇਆ ਜਾ ਸਕਦਾ ਹੈ। ਹਾਲਾਂਕਿ ਬਾਜ਼ਾਰ ਵਿੱਚ ਇਨ੍ਹੀਂ ਦਿਨੀਂ ਰੈਡੀਮੇਡ ਗਮਲੇ ਮਿਕਸ ਵੀ ਮੌਜੂਦ ਹਨ, ਪਰ ਘਰੇਲੂ ਜੈਵਿਕ ਖਾਦ ਦੀ ਵਰਤੋਂ ਨੂੰ ਜ਼ਿਆਦਾ ਫਾਇਦੇਮੰਦ ਮੰਨਿਆ ਜਾਂਦਾ ਹੈ।







ਤੁਸੀਂ ਸਾਵਧਾਨੀ ਨਾਲ ਹਰ ਰੋਜ਼ ਆਪਣੀ ਰਸੋਈ ਵਿੱਚੋਂ ਨਿਕਲਣ ਵਾਲੇ ਕੂੜੇ ਤੋਂ ਵੀ ਚੰਗੀ ਕੰਪੋਸਟ ਤਿਆਰ ਕਰ ਸਕਦੇ ਹੋ।

ਗਰਮੀਆਂ ਦੇ ਇਸ ਮੌਸਮ ਵਿੱਚ ਉੱਗਣ ਵਾਲੇ ਛੋਟੇ-ਛੋਟੇ ਬੂਟਿਆਂ ਨੂੰ ਸਿੱਧੀ ਧੁੱਪ ਤੋਂ ਬਚਾਉਣਾ ਚਾਹੀਦਾ। ਵਿਸ਼ੇਸ਼ ਕਰਕੇ ਦੁਪਹਿਰ ਦੀ ਧੁੱਪ ਤੋਂ ਤਾਂ ਹਰ ਹਾਲਤ ਵਿੱਚ ਬਚਾਉਣਾ ਚਾਹੀਦਾ ਹੈ। ਮਈ ਅਤੇ ਜੂਨ ਦੇ ਮਹੀਨੇ ਵਿੱਚ ਜਦੋਂ ਬਾਰਿਸ਼ ਨਹੀਂ ਹੁੰਦੀ, ਤਾਂ ਸਵੇਰੇ-ਸ਼ਾਮ ਦੋਵੇਂ ਟਾਈਮ ਥੋੜ੍ਹੀ ਮਾਤਰਾ ਵਿੱਚ ਪਰ ਲਗਾਤਾਰ ਪਾਣੀ ਦੇਣਾ ਚਾਹੀਦਾ। ਜ਼ਿਆਦਾ ਪਾਣੀ ਪਾਉਣ ਨਾਲ ਬੂਟਿਆਂ ਦੀਆਂ ਜੜ੍ਹਾਂ ਖਰਾਬ ਹੋ ਜਾਂਦੀਆਂ ਹਨ, ਜਦਕਿ ਜ਼ਰੂਰਤ ਤੋਂ ਘੱਟ ਪਾਣੀ ਬੂਟਿਆਂ ਦਾ ਵਾਧਾ ਰੋਕ ਦਿੰਦਾ ਹੈ। ਇਸ ਲਈ ਜਦੋਂ ਤੱਕ ਮੌਨਸੂਨ ਨਾ ਆਵੇ, ਬੂਟਿਆਂ ਨੂੰ ਜ਼ਰੂਰੀ ਪਾਣੀ ਲਗਾਤਾਰ ਰੂਪ ਵਿੱਚ ਦੇਣਾ ਚਾਹੀਦਾ। ਘਰ ਵਿੱਚ ਰਸੋਈ ਬਗੀਚੀ ਹੋਣ ਨਾਲ ਬੱਚਿਆਂ 'ਤੇ ਇੱਕ ਸਕਾਰਾਤਮਿਕ ਅਸਰ ਇਹ ਹੁੰਦਾ ਹੈ ਕਿ ਉਹ ਕੁਦਰਤ ਬਾਰੇ ਕਾਫ਼ੀ ਕੁਝ ਜਾਣ ਜਾਂਦੇ ਹਨ ਅਤੇ ਉਨ੍ਹਾਂ ਦਾ ਕੁਦਰਤ ਨਾਲ ਲਗਾਓ ਵੀ ਬਣ ਜਾਂਦਾ ਹੈ। ਇਸ ਲਈ ਵੀ ਘਰ ਵਿੱਚ ਰਸੋਈ ਬਗੀਚੀ ਹੋਣਾ ਚੰਗੀ ਗੱਲ ਹੈ। ਰਸੋਈ ਬਗੀਚੀ ਵਿੱਚ ਕੁਝ ਸਮਾਂ ਬਤੀਤ ਕਰਨ ਨਾਲ ਅਸੀਂ ਤਣਾਅ ਤੋਂ ਵੀ ਮੁਕਤ ਹੁੰਦੇ ਹਾਂ ਅਤੇ ਸਕਾਰਾਤਮਿਕ ਊਰਜਾ ਵੀ ਹਾਸਿਲ ਕਰਦੇ ਹਾਂ। ਇਹੀ ਵਜ੍ਹਾ ਹੈ ਕਿ ਅੱਜਕਲ੍ਹ ਨੌਕਰੀ-ਪੇਸ਼ਾ ਅਤੇ ਸੇਵਾ-ਮੁਕਤ ਬਜ਼ੁਰਗਾਂ ਵਿੱਚ ਰਸੋਈ ਬਗੀਚੇ ਲਈ ਆਕਰਸ਼ਣ ਦੇਖਿਆ ਜਾ ਸਕਦਾ ਹੈ। ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਜੇਕਰ ਅਸੀਂ ਆਪਣੀ ਰਸੋਈ ਬਗੀਚੀ ਦੀ ਪਹਿਲਾਂ ਤੋਂ ਹੀ ਤਿਆਰੀ ਕਰ ਲਈ ਤਾਂ ਜੁਲਾਈ ਮਹੀਨੇ ਵਿੱਚ ਘਰ ਦੀ ਛੱਤ ਜਾਂ ਬਾਲਕੋਨੀ ਤੋਂ ਅਸੀਂ ਰੋਜ਼ ਏਨੀ ਸਬਜ਼ੀ ਪਾ ਸਕਦੇ ਹਾਂ ਕਿ ਜ਼ਿਆਦਾਤਰ ਸਮਾਂ ਘਰ ਦੀ ਸਬਜ਼ੀ ਨਾਲ ਹੀ ਕੰਮ ਚੱਲ ਸਕਦਾ ਹੈ।

**- ਅਨੂ ਆਰ.**




# ਆਖ਼ਰ ਪਿੰਡਾਂ ਨੂੰ ਨਿਗਲ ਜਾਵੇਗਾ ਪ੍ਰਵਾਸ

ਵਿਜੇ ਬੰਬੇਲੀ
ਮੋ. 94634-39075

ਪੰਜਾਬ ਤੋਂ ਪ੍ਰਵਾਸ ਤੇ ਪੰਜਾਬ ਵੱਲ ਪ੍ਰਵਾਸ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਇਸ ਦੋ ਤਰਫ਼ੇ ਪ੍ਰਵਾਸ ਨੇ ਪੰਜਾਬ ਨੂੰ ਸਦਾ ਹੀ ਅਨੇਕਾਂ ਪੱਖਾਂ ਤੋਂ ਪ੍ਰਭਾਵਿਤ ਤੇ ਪੀੜਤ ਕੀਤਾ ਹੈ। ਇਸ ਨੇ ਪੰਜਾਬ ਦਾ ਮੂੰਹ-ਮੁਹਾਂਦਰਾ ਤੱਕ ਬਦਲ ਦਿੱਤਾ ਹੈ/ਦੇਵੇਗਾ। ਹੁਣ ਕਈ ਜ਼ਾਹਿਰਾ ਤੇ ਲੁਕਵੇਂ ਕਾਰਨਾਂ ਕਰਕੇ ਪ੍ਰਵਾਸ ਦੀ ਆਮਦ ਤੇ ਜਾਮਦ ਦੀ ਗਤੀ ਤਿੱਖੀ ਹੋ ਗਈ ਹੈ। ਭਾਵੇਂ ਨਵੀਂ ਵਿਸ਼ਵਵਿਆਪੀ ਵਿਵਸਥਾ ਨੇ 'ਗਲੋਬਲ ਵਿਲੇਜ਼' ਦਾ ਨਾਮਕਰਨ ਕੀਤਾ ਹੈ, ਪਰ ਅਸਲ ਵਿੱਚ ਇਹ ਏਨਾ ਭਰਮਾਊ ਤੇ ਭੁਲੇਖਾ ਪਾਊ ਅਮਲ ਹੈ ਕਿ ਇਸ ਵਿਵਸਥਾ ਨੇ ਪੇਂਡੂ ਜੀਵਨ ਨੂੰ ਸਹਿਜ ਨਹੀਂ ਰਹਿਣ ਦਿੱਤਾ। ਮਜਬੂਰੀਵੱਸ ਹੀ ਸਹੀ, ਕੌਮਾਂਤਰੀ ਪ੍ਰਵਾਸ ਤਹਿਤ ਆਪਣੀਆਂ ਜੜ੍ਹਾਂ ਨੂੰ ਖ਼ੁਦ ਪੁੱਟਣ ਦੇ ਸਿੱਟੇ ਬੜੇ ਹੀ ਮਾਰੂ ਨਿਕਲਣਗੇ।

ਦਰ-ਹਕੀਕਤ, ਸਦੀਵੀ ਪ੍ਰਵਾਸ ਪੰਜਾਬੀਆਂ ਦੇ ਸੁਭਾਅ ਵਿੱਚ ਸੀ ਤੇ ਹੈ ਪਰ ਪਹਿਲਾਂ ਘਰ ਦਾ ਇੱਕ-ਅੱਧ ਜੀਅ ਹੀ ਸਮੁੰਦਰੋਂ ਪਾਰ ਜਾਂਦਾ ਸੀ। ਖੱਟੀ ਕਮਾਈ ਘਰ ਭੇਜਦਾ ਜਾਂ ਲੈ ਕੇ ਵਾਪਸ ਆ ਜਾਂਦਾ। ਪੰਜਾਬ ਦੀ ਤਰੱਕੀ ਤੇ ਇਸ ਦੀ ਉਮਦਾ ਰਹਿਤਲ-ਵਹਿਤਲ ਵਿੱਚ ਪ੍ਰਵਾਸੀ ਪੰਜਾਬੀਆਂ ਦਾ ਅਣਮਿਣਵਾਂ ਯੋਗਦਾਨ ਸੀ। ਪਰ ਹੁਣ ਕਮਾਈ ਸਮੇਤ ਬੜਾ ਕੁਝ ਹੋਰ ਵੀ ਪ੍ਰਵਾਸ ਕਰ ਰਿਹਾ ਹੈ। ਹਾਲਾਤ ਮੂਜ਼ਬ, ਹੁਣ ਬਹੁਤੇ ਬਹੁ-ਪਰਤੀ ਕਾਰਨਾਂ ਕਰਕੇ 'ਖੱਟੀ' ਵੀ ਨਹੀਂ ਭੇਜਣਗੇ, ਸਗੋਂ ਬਚੀ-ਖੁਚੀ ਪਿਤਾ-ਪੁਰਖੀ ਜਾਇਦਾਦ ਵੀ ਵੇਚ-ਵੱਟ ਕੇ ਉੱਧਰ ਲੈ ਜਾਣਗੇ।

ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ। ਇਕ ਕਨਸੋਅ ਮੁਤਾਬਿਕ, ਬੀਤੇ ਦਹਾਕੇ ਵਿੱਚ ਬਾਹਰਲੇ ਮੁਲਕੀ ਗਏ ਸਾਡੇ ਪਾੜ੍ਹੇ 27000 ਕਰੋੜ ਦੇ ਅਸਾਸੇ ਆਪਣੇ ਨਾਲ ਲੈ ਗਏ ਹਨ। ਮਗਰੇ ਹੀ ਕਿਸੇ ਕਾਰਨ ਵੱਸ ਕਈਆਂ ਦੇ ਮਾਪੇ ਤੁਰ ਗਏ ਜਾਂ ਤੁਰ ਜਾਣਗੇ। ਖਾਲੀ ਮਕਾਨਾਂ ਵਿੱਚ ਪ੍ਰਵਾਸੀ ਟਿਕਾਏ ਜਾ ਰਹੇ ਹਨ। ਸਿੱਟਾ ਆਪਣਿਆਂ ਦੀਆਂ ਅਗਲੇਰੀਆਂ ਪੀੜ੍ਹੀਆਂ ਦੀ ਆਮਦ ਨੂੰ ਖੇਤ-ਖਲਿਆਣ ਉਡੀਕਦੇ ਰਹਿ ਜਾਣਗੇ।

ਅਫਸੋਸ ! ਪਰਾਈਆਂ ਧਰਤੀਆਂ 'ਤੇ ਪਹੁੰਚੀ ਹੁਣ ਵਾਲੀ ਪੀੜ੍ਹੀ ਦੀ ਦੂਜੀ, ਹੱਦ ਤੀਜੀ ਪੋਂਦ ਆਪਣਾ ਪਿਤਾ-ਪੁਰਖੀ ਘਰ ਨੂੰ ਖੋਲਾ ਬਣਾਉਣ ਜਾਂ ਸੇਲ 'ਤੇ ਲਾ ਕੇ ਦੂਜੇ ਰਾਜਾਂ ਤੋਂ ਆਏ ਬਾਸ਼ਿੰਦਿਆ ਦਾ ਰਾਹ ਹੋਰ ਮੋਕਲਾ ਕਰ ਦੇਵੇਗੀ, ਜਿਸ ਨਾਲ ਪੰਜਾਬੀ ਰਹੁ-ਰੀਤਾਂ ਡਗਮਗਾਉਣਗੀਆਂ। ਇਕ ਸਰਵੇਖਣ ਅਨੁਸਾਰ ਪੰਜਾਬ ਦਰਅਸਲ ਪਿੰਡਾਂ ਵਿੱਚੋਂ ਕੌਮਾਂਤਰੀ ਪ੍ਰਵਾਸ ਕੌਮੀ ਬੌਧਿਕਤਾ ਅਤੇ ਸਰਮਾਇਆ ਤੇ ਨੌਜਵਾਨੀ ਹੂੰਝਣ ਤੋਂ ਬਿਨਾਂ ਹੋਰ ਵੀ ਕਈ ਤਰ੍ਹਾਂ ਦੇ ਲਾਭ-ਅੰਸ਼ ਹੂੰਝ ਕੇ ਲਿਜਾ ਰਿਹਾ ਹੈ। ਇਨ੍ਹਾਂ ਹੂੰਝਿਆਂ ਦੇ ਨਾਲ-ਨਾਲ ਕੁਝ ਖ਼ਤਰਨਾਕ ਪੂੰਝਿਆਂ ਦਾ ਵੀ ਚਲਣ ਸ਼ੁਰੂ ਹੋ ਗਿਆ ਹੈ। ਇਨ੍ਹਾਂ ਪੂੰਝਿਆਂ ਨਾਲ ਸਿਰਫ਼ ਪੰਜਾਬ ਦੀ ਸਾਹ-ਰਗ ਜ਼ਮੀਨ ਹੀ ਨਹੀਂ ਵਿਕਦੀ, ਖੇਤੀ ਵੀ ਵੱਡੇ ਹੱਥਾਂ ਵਿੱਚ ਹੀ ਨਹੀਂ ਜਾਂਦੀ, ਸਗੋਂ ਬਹੁਤੇ ਟੱਬਰਾਂ ਦੀ ਬਜਾਏ ਕੁਝ ਇਕ ਟੱਬਰਾਂ ਦੀ ਕਮਾਈ ਦਾ ਸਾਧਨ ਬਣ ਰਹੀ ਹੈ। ਇਹੀ ਨਹੀਂ, ਇਸ ਚਲਨ ਨਾਲ ਖੂਹਾਂ ਉਤਲੇ ਤੌੜ, ਢੇਰਾਂ ਦੇ ਕੁਰੇ ਅਤੇ ਪਹੀਆਂ-ਰਸਤੇ 'ਤੇ ਢੇਰ ਤੱਕ ਵਿਕ ਜਾਂਦੇ ਹਨ। ਸਿੱਟਾ, ਬੰਦਾ (ਪੇਂਡੂ) ਆਪਣੀਆਂ ਜੜ੍ਹਾਂ ਨਾਲੋਂ ਹੀ ਕੱਟਿਆ ਜਾਂਦਾ ਹੈ।

ਹਾਂ, ਕਿਸੇ ਵਿਅਕਤੀ ਨੂੰ ਵੱਖ-ਵੱਖ ਕਾਰਨ ਆਪਣਾ ਮੂਲ ਸਥਾਨ ਛੱਡਣ ਅਤੇ ਕਿਸੇ ਹੋਰ ਥਾਂ 'ਤੇ ਜਾਣ ਲਈ ਮਜ਼ਬੂਰ ਕਰਦੇ ਹਨ। ਦੂਜੇ ਪਾਸੇ ਬਾਹਰ ਖਿੱਚਣ ਵਾਲੇ ਉਨ੍ਹਾਂ ਕਾਰਕਾਂ ਵਿੱਚ ਵਿੱਦਿਆ ਦਾ ਸਮੇਂ ਦੀ ਹਾਣੀ ਤੇ ਰੁਜ਼ਗਾਰਮੁਖੀ ਨਾ ਹੋਣਾ, ਵਧਦੀ ਬੇਰੁਜ਼ਗਾਰੀ, ਦੂਸ਼ਿਤ ਆਬੋ-ਹਵਾ ਅਤੇ ਆਰਥਿਕ ਸਥਿਤੀਆਂ ਦਾ ਵਿਗੜਨਾ ਤੇ ਸਮਾਜਿਕ ਮੁੱਦੇ ਨਸ਼ਾਖੋਰੀ, ਅਪਰਾਧ ਆਦਿ ਸ਼ਾਮਿਲ ਹਨ। ਦੂਜੇ ਦੇਸ਼ਾਂ ਦੀ ਚਕਾਚੌਂਧ, ਸਹੂਲਤਾਂ ਤੇ ਅਨੁਸ਼ਾਸਨ ਵੀ ਖਿੱਚ ਦਾ ਕਾਰਨ ਹਨ। ਪਰ ਵੱਡੇ ਕਾਰਨਾਂ ਵਿੱਚ ਰੁਜ਼ਗਾਰ, ਜ਼ਿਆਦਾ ਕਮਾਈ, ਸੁਰੱਖਿਆ, ਬਿਹਤਰ ਸਹੂਲਤਾਂ ਅਤੇ ਨਿੱਜੀ ਆਜ਼ਾਦੀ ਜ਼ਿਆਦਾ ਭਰਮਾਊ ਹੈ। ਪ੍ਰਵਾਸ ਨੂੰ ਸਿਰਫ਼ ਕੁੱਲੀ-ਗੁੱਲੀ-ਜੁੱਲੀ ਦੀ ਗਰੰਟੀ ਅਤੇ ਸਸਤੀ ਪੜ੍ਹਾਈ, ਸਿਹਤ ਸਹੂਲਤਾਂ, ਸ਼ੁੱਧ-ਵਾਤਾਵਰਨ, ਢੁੱਕਵਾਂ ਰੁਜ਼ਗਾਰ, ਸਮਾਜਿਕ ਸੁਰੱਖਿਆ ਤੇ ਨਸ਼ੇ ਰਹਿਤ ਮਾਹੌਲ ਤਹਿਤ ਹੀ ਠੱਲ੍ਹਿਆ ਜਾ ਸਕਦਾ ਹੈ। ਅਫ਼ਸੋਸ ! ਇਹ ਮੁੱਦੇ ਹਾਕਮ ਜਮਾਤਾਂ ਦੇ ਏਜੰਡੇ ਵਿੱਚ ਨਹੀਂ ਹਨ। ਦਰ-ਹਕੀਕਤ, ਸਦੀਵੀ ਪ੍ਰਵਾਸ ਦਾ ਦੋਸ਼ੀ ਮੌਜੂਦਾ ਸਿਸਟਮ ਤੇ ਭ੍ਰਿਸ਼ਟ ਨਿਜ਼ਾਮ ਹੈ।

ਲੋਕਾਂ ਨੂੰ ਨੇਮਬੱਧ ਕਰਨਾ ਸਿਸਟਮ ਦਾ ਫ਼ਰਜ਼ ਹੁੰਦਾ ਹੈ। ਭਾਵ 'ਚੋਰ ਬਣਾਉਣਾ ਜਾਂ ਸਾਧ' ? ਇਹ ਸਭ ਸਿਸਟਮ ਜਾਂ ਰਾਜ-ਭਾਗ ਦੇ ਹੱਥ-ਵੱਸ ਹੁੰਦਾ ਹੈ। ਲੋਕਾਂ ਨੂੰ ਜਿਸ ਤਰਜੀਹ 'ਤੇ ਤੋਰਿਆ ਜਾਂਦਾ ਹੈ, ਉਹ ਉੱਧਰ ਤੁਰ ਪੈਂਦੇ ਹਨ। ਪਿੰਡਾਂ ਨੂੰ ਵੀ ਬਾਜ਼ਾਰ ਮਗਰ ਭਜਾ ਲਿਆ ਗਿਆ ਹੈ। ਕੀ ਖਾਣਾ ਹੈ, ਕੀ ਪਹਿਨਣਾ ਹੈ, ਖੇਤਾਂ ਵਿੱਚ ਕੀ ਵਰਤਣਾ ਤੇ ਬੀਜਣਾ ਹੈ, ਇਹ ਹੁਣ ਮੀਡੀਆ, ਇਸ਼ਤਿਹਾਰ, ਸਰਕਾਰ ਤੇ ਕਾਰਪੋਰੇਟ ਤੈਅ ਕਰਦਾ ਹੈ। 'ਸੰਸਾਰ ਵਪਾਰ ਸੰਸਥਾ' ਤੇ ਕਾਰਪੋਰੇਟ ਪੱਖੀ ਹਾਕਮ ਧਿਰਾਂ ਤਾਂ ਬੜੀ ਦੇਰ ਤੋਂ ਇਸ ਹਰਕਤ ਵਿੱਚ ਹਨ ਕਿ ਕਿਵੇਂ ਨਾ ਕਿਵੇਂ ਗਰੀਨ ਬੈਲਟਾਂ (ਹਰੀ ਪੱਟੀ) ਉਨ੍ਹਾਂ ਦੇ ਹੱਥਾਂ ਵਿੱਚ ਚਲੀਆਂ ਜਾਣ। ਜਿੱਥੇ ਵੱਡੀਆਂ ਮਸ਼ੀਨਾਂ ਕੰਮ ਕਰਨ 'ਹਾਈਵੇਜ਼' 'ਤੇ 'ਹਾਈ ਸਪੀਡ' ਗੱਡੀਆਂ ਨਿਰਵਿਘਨ ਦੌੜਨ। ਜ਼ਮੀਨ ਹਥਿਆਉਣ ਲਈ ਉਹ ਹਰ ਹਰਬਾ ਵਰਤਦੇ ਹਨ, ਪੈਸਿਆਂ ਦਾ ਛੱਟਾ ਦਿੰਦੇ ਹਨ।

ਹਾਲ ਦੀ ਘੜੀ ਮਹਿੰਗੇ ਭਾਅ ਹੀ ਸਹੀ, ਉਨ੍ਹੀਂ ਸਾਡੀ ਭੋਇ 'ਹਾਈਵੇਜ਼ਾਂ ਤੇ ਰੀਅਲ ਅਸਟੇਟਾਂ' ਦੇ ਅਖੌਤੀ ਸੁਪਨਿਆਂ ਹੇਠ ਨੱਪ ਜਾਣੀ ਹੈ। ਇੰਝ ਮਿਲਿਆ ਬੇਸ਼ੁਮਾਰ ਪੈਸਾ ਬਹੁਤਿਆਂ ਦੀਆਂ ਔਲਾਦਾਂ ਨੇ ਖੜਮਸਤੀਆਂ ਜਾਂ ਪ੍ਰਵਾਸ ਦੇ ਲੇਖੇ ਲਾ ਬੈਠਣਾ ਹੈ।

ਦਰਅਸਲ, ਇਸ ਚਲਣ ਹੇਠ ਵੱਟੀ ਗਈ ਇਹ ਰਕਮ ਖ਼ਰੀਦੋ-ਫ਼ਰੋਖਤ ਤਹਿਤ ਮੁੜ ਧਨ-ਕੁਬੇਰਾਂ ਨੇ ਹੀ ਵੱਟ ਲੈਣੀ ਹੈ ਅਤੇ ਅਸੀਂ ਸਦੀਵੀ ਆਮਦਨ ਤੋਂ ਹੱਥ ਧੋ ਬੈਠਣਾ ਹੈ। ਇਸ ਨਾਲ ਖੇਤਾਂ ਦੀ ਹੀ ਹਿਜਰਤ ਨਹੀਂ ਹੋਵੇਗੀ, ਸਗੋਂ ਪਿੰਡ ਵੀ ਸ਼ਹਿਰਾਂ ਨੂੰ ਹਿਜਰਤ ਕਰ ਜਾਣਗੇ। ਇਹੀ ਧਨ-ਕੁਬੇਰ ਚਾਹੁੰਦੇ ਹਨ। ਮਤਲਬ, ਕਿਰਸਾਨੀ ਮਾਲਕੀ ਨਾ ਕਰੇ ਕਾਮਾ-ਗਿਰੀ ਕਰੇ। ਜੇ ਇਹੀ ਡਗਰ ਰਹੀ, ਜੇ ਅਸੀਂ ਨਾ ਸੰਭਲੇ ਤਾਂ ਵਾੜ ਲੱਗੇ ਵੱਡੇ-ਵੱਡੇ ਫਾਰਮ-ਹਾਊਸਾਂ ਤੇ ਧੜਵੈਲ ਕਾਰਖਾਨਿਆਂ ਵਿੱਚ ਪੇਂਡੂ ਲੋਕ, ਦੇਰ-ਸਵੇਰ, ਡੱਬੇ ਲੈ ਕੇ ਉਜਰਤ (ਗੋਲਾਪਨ) ਕਰਨ ਜਾਇਆ ਕਰਨਗੇ। ਉਨ੍ਹਾਂ ਦੀ ਇਹ ਮਨਸ਼ਾ ਤਦ ਹੀ ਪੂਰੀ ਹੋ ਸਕਦੀ ਹੈ, ਜੇ ਛੋਟੀ ਖੇਤੀ, ਜਾਣੀ ਪਿੰਡ ਮਰਨ।

ਪੰਜਾਬ ਦੇ ਸਾਰੇ ਪਿੰਡ ਕਦੇ ਬੁਨਿਆਦੀ ਤੌਰ 'ਤੇ ਉਦੋਂ ਸਵੈ-ਸੰਪਨ ਇਕਾਈਆਂ ਸਨ, ਜਦੋਂ ਨਿੱਤ ਵਰਤੋਂ ਦੀ ਕਰੀਬ ਹਰ ਵਸਤ ਪੈਦਾ ਕਰ ਲਈ ਜਾਂਦੀ ਸੀ। ਬਹੁਤੇ ਖੇਤੀ ਕਰਦੇ ਜਾਂ ਖੇਤੀ 'ਤੇ ਨਿਰਭਰ ਹੁੰਦੇ ਸਨ। ਅਰਥਾਤ, ਕੋਈ ਵਾਹੀ-ਬੀਜੀ ਜਾਂ ਪਸ਼ੂ ਪਾਲਕ ਹੁੰਦਾ, ਕੋਈ ਸੰਦ ਬਣਾਉਂਦਾ, ਕੋਈ ਚਮੜੇ ਦੀਆਂ ਵਸਤਾਂ, ਕੋਈ ਭਾਂਡੇ ਤ੍ਰਾਸ਼ਦਾ ਤੇ ਕੋਈ ਕੱਪੜਾ ਉਣਦਾ। ਸ਼ਾਇਦ, ਹੁਣ ਇੰਨ-ਬਿੰਨ ਨਹੀਂ ਹੋ ਸਕਦਾ। ਪਰ ਅਖੀਰ ਕਰਨਾ ਇਵੇਂ ਹੀ ਪੈਣਾ, ਨਹੀਂ ਤਾਂ ਕੁਦਰਤ ਮਜ਼ਬੂਰ ਕਰ ਦੇਵੇਗੀ ਪਰ ਉਦੋਂ ਤੱਕ ਅਸੀਂ ਬੇਹੱਦ ਨੁਕਸਾਨ ਕਰ ਤੇ ਕਰਾ ਚੁੱਕੇ ਹੋਵਾਂਗੇ। ਆਪਣਾ ਵੀ, ਖ਼ਾਸ ਕਰਕੇ ਵਾਰਸਾਂ ਤੇ ਆਉਣ ਵਾਲੀਆਂ ਨਸਲਾਂ ਦਾ ਵੀ।

ਭਾਵੇਂ ਹੁਣ ਕਿਰਤ-ਵਿਰਤ ਅਤੇ ਕੰਮ ਧੰਦਿਆਂ ਦਾ ਰੁਖ਼ ਬਦਲ ਗਿਆ ਪਰ ਜੇ ਕਿਰਸਾਨੀ (ਕਿਰਤ-ਇਨਸਾਨ : ਕਿਰਤੀ ਇਨਸਾਨ : ਕਿਰਸਾਨ) ਮਰ ਗਈ ਤਦ ਪਿੰਡ ਮਰ ਜਾਵੇਗਾ। ਅਰਥਾਤ ਭਾਰਤ ਦੀ ਸਲਾਮਤੀ ਖੇਤੀ (ਕਿਰਸਾਨੀ) ਬਨਾਮ ਪਿੰਡ ਦੀ ਹੋਣੀ ਨਾਲ ਬੱਝੀ ਹੋਈ ਹੈ। ਸੋ, ਜੇ ਕੁਦਰਤ-ਪੱਖੀ ਖੇਤੀ (ਕਿਰਸਾਨੀ) ਮਰ ਗਈ ਤਾਂ ਪਿੰਡ ਮਰ ਜਾਣਗੇ। ਸੋ ਪਿੰਡ ਮਰ ਗਏ ਤਦ ਭਾਰਤ ਮਰ ਜਾਵੇਗਾ, ਭਾਰਤ ਜੋ ਪਿੰਡਾਂ ਦਾ ਦੇਸ਼ ਹੈ। ਇਹੀ ਉਹ ਗੱਲ ਹੈ, ਜਿਹੜੀ ਹਾਕਮ-ਜਮਾਤਾਂ ਦੇ ਖੇਪੜ ਵਿੱਚ ਨਹੀਂ ਪੈਂਦੀ।

ਪਿੰਡਾਂ ਵਿੱਚ ਰਹਿ ਰਹੇ ਲੋਕ ਭੁੱਲਦੀਆਂ-ਵਿਸਰਦੀਆਂ ਜਾ ਰਹੀਆਂ ਕਿਰਤਾਂ ਨੂੰ ਮੁੜ ਸਰਗਰਮ ਕਰਕੇ ਪਹਿਲਾਂ ਵਰਗੀ ਅਰਥ ਭਰਪੂਰ ਜ਼ਿੰਦਗੀ ਵੱਲ ਪਰਤ ਸਕਦੇ ਹਨ। ਅਖੀਰ ਦਿਹਾੜੀ ਢਾਂਚੇ ਵਿੱਚ ਲਘੂ ਤੇ ਹੱਥ ਉਦਯੋਗਾਂ ਨੂੰ ਮੋੜਾ ਦੇਣਾ ਹੀ ਪਵੇਗਾ, ਇਹ ਚਲਣ ਕੁਦਰਤ ਪੱਖੀ ਵੀ ਹੈ। ਇੰਝ ਅਸੀਂ ਪੇਂਡੂ ਸਵੱਛਤਾ ਦਾ ਵੀ ਅਨੰਦ ਮਾਣ ਸਕਾਂਗੇ। ਆਪਸੀ ਸੰਭਾਵਨਾਵਾਂ ਤੇ ਇਸ ਨਾਲ ਇਕ-ਦੂਜੇ 'ਤੇ ਨਿਰਭਰਤਾ ਵਧੇਗੀ। ਆਪਸੀ ਨਿਰਭਰਤਾ ਤੇ ਮਿਲਵਰਤਨ ਨਾਲ ਪਿੰਡਾਂ ਦੀ ਰੂਹ ਵੀ ਤ੍ਰਿਪਤ ਹੋ ਜਾਵੇਗੀ। ਹੁਣ ਪਿੰਡਾਂ ਵਿੱਚ ਆਪਸੀ ਤਾਲਮੇਲ ਬਿਹਤਰ ਹੋਣ ਕਾਰਨ ਇਹ ਕਾਰਜ ਪਹਿਲਾਂ ਨਾਲੋਂ ਕਿਤੇ ਸੌਖਾ ਤੇ ਲਾਹੇਵੰਦਾ ਹੈ। ਇਹ ਕਾਰਜ ਸਿਆਸੀ ਨੇਤਾਵਾਂ, ਨੌਕਰਸ਼ਾਹਾਂ ਤੇ ਅਰਥਸਾਸ਼ਤਰੀਆਂ ਨੇ ਨਹੀਂ ਕਰਨਾ, ਲੋਕਾਂ ਨੂੰ ਸ਼ਹਿਰਾਂ ਤੇ ਪਰਾਈਆਂ ਧਰਤੀਆਂ ਵੱਲ ਪ੍ਰਵਾਸ 'ਤੇ ਵਿਰਾਮ ਲਾ ਕੇ ਖ਼ੁਦ ਕਰਨਾ ਪੈਂਦਾ ਹੈ। ਪਰ ਇਸ ਸਭ ਲਈ ਸਾਨੂੰ ਲੋਕ ਤੇ ਕੁਦਰਤ ਪੱਖੀ ਨਿਜ਼ਾਮ ਵੀ ਸਿਰਜਣਾ ਪੈਣਾ ਹੈ। ਆਖਰ ਅਸੀਂ ਜਿਊਣਾ ਕਿਉਂ ਚਾਹੁੰਦੇ ਹਾਂ, ਪੈਸੇ ਲਈ ਜਾਂ ਰੂਹ ਲਈ ? ਮੁਕਦੀ ਗੱਲ ਪ੍ਰਵਾਸ ਨੇ ਪਿੰਡਾਂ ਨੂੰ ਨਿਗਲ ਜਾਣਾ ਹੈ।

# ਦੇਸ਼ ਵਿੱਚ ਭਿਆਨਕ ਵਾਤਾਵਰਨ ਆਫ਼ਤ ਬਣ ਰਿਹੈ ਵਧਦਾ ਤਾਪਮਾਨ - ਗ੍ਰੀਨ ਟ੍ਰਿਬਿਊਨਲ

## ਰਣਨੀਤੀਆਂ ਨੂੰ ਲੈ ਕੇ ਕੇਂਦਰ ਤੇ ਪੰਜਾਬ ਸਮੇਤ 11 ਸੂਬਿਆਂ ਤੋਂ ਮੰਗਿਆ ਜਵਾਬ

ਦੇਸ਼ ਭਰ ਵਿੱਚ ਲਗਾਤਾਰ ਵੱਧ ਰਹੀ ਭਿਆਨਕ ਗਰਮੀ (ਹੀਟਵੇਵ) ਦਾ ਗੰਭੀਰ ਨੋਟਿਸ ਲੈਂਦਿਆਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ. ਜੀ. ਟੀ.) ਨੇ ਖੁਦ ਨੋਟਿਸ (ਸੂਮੋਟੋ) ਲੈਂਦੇ ਹੋਏ ਕਾਰਵਾਈ ਸ਼ੁਰੂ ਕੀਤੀ ਹੈ। ਐਨ. ਜੀ. ਟੀ. ਨੇ ਭਾਰਤ ਵਿੱਚ ਅੱਤ ਦੀ ਗਰਮੀ ਦੇ ਸੰਕਟ ਨੂੰ ਲੈ ਕੇ ਕੇਂਦਰ ਅਤੇ ਕਈ ਸੂਬਾ ਸਰਕਾਰਾਂ ਤੋਂ ਜਲਵਾਯੂ ਅਨੁਕੂਲਨ ਰਣਨੀਤੀਆਂ ਬਾਰੇ ਵਿਸਤ੍ਰਿਤ ਰਿਪੋਰਟ ਮੰਗੀ ਹੈ। ਨਵੀਂ ਦਿੱਲੀ ਵਿੱਚ ਐਨ. ਜੀ. ਟੀ. ਦੇ ਚੇਅਰਪਰਸਨ ਜਸਟਿਸ ਪ੍ਰਕਾਸ਼ ਸ੍ਰੀਵਾਸਤਵ ਅਤੇ ਮਾਹਿਰ ਮੈਂਬਰ ਡਾ. ਅਫਰੋਜ਼ ਅਹਿਮਦ ਦੇ ਬੈਂਚ ਨੇ ਇੱਕ ਮੀਡੀਆ ਰਿਪੋਰਟ ਦੇ ਆਧਾਰ 'ਤੇ ਉਕਤ ਕਦਮ ਚੁੱਕਿਆ ਹੈ। ਅਦਾਲਤ ਨੇ ਕਿਹਾ ਕਿ ਵਧਦਾ ਤਾਪਮਾਨ ਦੇਸ਼ ਵਿੱਚ ਇੱਕ ਅਜਿਹੀ ਭਿਆਨਕ ਵਾਤਾਵਰਨ ਆਫਤ ਬਣ ਰਿਹਾ ਹੈ, ਜਿਸ ਵੱਲ ਅਜੇ ਤੱਕ ਪੂਰਾ ਧਿਆਨ ਨਹੀਂ ਦਿੱਤਾ ਗਿਆ। ਇਹ ਗਰਮੀ ਨਾ ਸਿਰਫ ਲੋਕਾਂ ਦੀ ਸਿਹਤ ਨੂੰ ਖਰਾਬ ਕਰ ਰਹੀ ਹੈ, ਸਗੋਂ ਖੇਤੀਬਾੜੀ, ਪਾਣੀ ਦੇ ਸਰੋਤਾਂ, ਮਜ਼ਦੂਰਾਂ ਦੀ ਕੰਮ ਕਰਨ ਦੀ ਸਮਰੱਥਾ, ਜੰਗਲੀ ਜੀਵਾਂ ਅਤੇ ਦੇਸ਼ ਦੀ ਆਰਥਿਕਤਾ 'ਤੇ ਵੀ ਬੁਰਾ ਅਸਰ ਪਾ ਰਹੀ ਹੈ। ਮੌਸਮ ਵਿਭਾਗ (ਆਈ. ਐਮ. ਟੀ.) ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਐਨ. ਜੀ. ਟੀ. ਨੇ ਦੱਸਿਆ ਕਿ ਉੱਤਰ ਪ੍ਰਦੇਸ਼ ਦੇ ਬਾਂਦਾ ਵਿੱਚ ਤਾਪਮਾਨ 48 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਹੈ, ਜਦੋਂਕਿ ਦਿੱਲੀ ਸਮੇਤ ਉੱਤਰ ਅਤੇ ਮੱਧ ਭਾਰਤ ਦੇ ਕਈ ਹਿੱਸੇ ਭਿਆਨਕ ਗਰਮੀ ਨਾਲ ਜੂਝ ਰਹੇ ਹਨ। ਟ੍ਰਿਬਿਊਨਲ ਨੇ ਦੱਸਿਆ ਕਿ ਗਰਮੀ ਦਾ ਅਸਰ ਸ਼ਹਿਰਾਂ ਅਤੇ ਪਿੰਡਾਂ ਵਿੱਚ ਵੱਖ-ਵੱਖ ਤਰ੍ਹਾਂ ਹੁੰਦਾ ਹੈ। ਬੈਂਚ ਨੇ ਚਿੰਤਾ ਪ੍ਰਗਟਾਈ ਕਿ ਜਲਵਾਯੂ ਤਬਦੀਲੀ ਅਤੇ ਮਨੁੱਖ ਦੁਆਰਾ ਵਾਤਾਵਰਣ ਨੂੰ ਪਹੁੰਚਾਏ ਨੁਕਸਾਨ ਕਾਰਨ ਇਹ ਸੰਕਟ ਹੋਰ ਡੂੰਘਾ ਹੋ ਰਿਹਾ ਹੈ, ਜੋ ਕਿ ਵਾਤਾਵਰਣ (ਸੁਰੱਖਿਆ) ਐਕਟ, 1986 ਦੇ ਤਹਿਤ ਇੱਕ ਵੱਡੀ ਚਿੰਤਾ ਦਾ ਵਿਸ਼ਾ ਹੈ। ਇਸ ਮੁਸ਼ਕਿਲ ਨਾਲ ਨਜਿੱਠਣ ਲਈ ਲੰਮੇ ਸਮੇਂ ਦੀ ਤਿਆਰੀ ਨਾ ਹੋਣ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਐਨ. ਜੀ. ਟੀ. ਨੇ ਵਿਗਿਆਨਕ ਤਰੀਕੇ ਅਪਣਾਉਣ ਅਤੇ ਇਲਾਕੇ ਦੇ ਹਿਸਾਬ ਨਾਲ ਵਿਸ਼ੇਸ਼ 'ਹੀਟ ਐਕਸ਼ਨ ਪਲਾਨ' ਬਣਾਉਣ 'ਤੇ ਜ਼ੋਰ ਦਿੱਤਾ ਹੈ। ਇਸ ਵਿੱਚ ਤਾਪਮਾਨ ਦੀ ਮੈਪਿੰਗ, ਮੌਸਮ ਦੀ ਬਿਹਤਰ ਭਵਿੱਖਬਾਣੀ, ਸਕੂਲ ਅਤੇ ਕਮਿਊਨਿਟੀ ਪੱਧਰ 'ਤੇ ਮੌਸਮ ਦੀ ਨਿਗਰਾਨੀ ਅਤੇ ਸਿਹਤ ਦੇ ਨੁਕਸਾਨ 'ਤੇ ਖੋਜ ਕਰਨ ਵਰਗੇ ਕਦਮ ਸ਼ਾਮਿਲ ਹਨ। ਇਸ ਮਾਮਲੇ ਵਿੱਚ ਐਨ. ਜੀ. ਟੀ. ਨੇ ਕਈ ਕੇਂਦਰੀ ਮੰਤਰਾਲਿਆਂ, ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਦਿੱਲੀ, ਉੱਤਰ ਪ੍ਰਦੇਸ਼, ਰਾਜਸਥਾਨ, ਗੁਜਰਾਤ, ਪੰਜਾਬ, ਉੱਤਰਾਖੰਡ, ਮਹਾਰਾਸ਼ਟਰ, ਮੱਧ ਪ੍ਰਦੇਸ਼, ਬਿਹਾਰ, ਝਾਰਖੰਡ ਅਤੇ ਛੱਤੀਸਗੜ੍ਹ ਸਮੇਤ ਕਈ ਸੂਬਾ ਸਰਕਾਰਾਂ ਨੂੰ ਜਵਾਬਦੇਹ ਬਣਾਇਆ ਹੈ। ਸਰਕਾਰਾਂ ਨੂੰ ਹਲਫਨਾਮੇ ਰਾਹੀਂ ਆਪਣਾ ਜਵਾਬ ਅਤੇ ਐਕਸ਼ਨ ਪਲਾਨ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ 19 ਅਗਸਤ ਨੂੰ ਹੋਵੇਗੀ।



# ਗੰਡੋਆ ਖਾਦ

## ਜੈਵਿਕ ਖੇਤੀ ਵੱਲ ਇੱਕ ਪ੍ਰਭਾਵਸ਼ਾਲੀ ਕਦਮ

**ਗੰਡੋਆ ਖਾਦ ਤਿਆਰ ਕਰਨ ਲਈ ਵਰਤਿਆ ਜਾਣ ਵਾਲਾ ਸਭ ਤੋਂ ਢੁੱਕਵਾਂ ਲਾਲ ਗੰਡੋਇਆ ਹੈ**

ਪ੍ਰਭਜੀਤ ਕੌਰ ਅਤੇ ਅਮਨਦੀਪ ਸਿੰਘ ਸਿੱਧੂ,
ਪੀ. ਏ. ਯੂ. ਕ੍ਰਿਸ਼ੀ ਵਿਗਿਆਨ ਕੇਂਦਰ, ਜਲੰਧਰ

ਗੰਡੋਇਆਂ ਦੁਆਰਾ ਫ਼ਸਲੀ ਰਹਿੰਦ-ਖੂੰਹਦ ਤੋਂ ਤਿਆਰ ਕੀਤੀ ਖਾਦ ਨੂੰ ਵਰਮੀਕੰਪੋਸਟ ਜਾਂ ਗੰਡੋਆ ਖਾਦ ਕਿਹਾ ਜਾਂਦਾ ਹੈ । ਗੰਡੋਆ ਖਾਦ ਤਿਆਰ ਕਰਨ ਲਈ ਵਰਤਿਆ ਜਾਣ ਵਾਲਾ ਸਭ ਤੋਂ ਢੁਕਵਾਂ ਲਾਲ ਗੰਡੋਇਆ ਹੈ, ਜਿਸ ਦਾ ਤਕਨੀਕੀ ਨਾਂ 'ਆਈਸੀਨੀਆਂ ਫੈਟੀਡਾ' ਹੈ ।

### ਗੰਡੋਆ ਖਾਦ ਤਿਆਰ ਕਰਨ ਦੀ ਵਿਧੀ

ਵਰਮੀਕੰਪੋਸਟ ਬਣਾਉਣ ਲਈ 6' (ਲੰਬਾਈ) × 3' (ਚੌੜਾਈ) × 2' (ਉਚਾਈ) ਦੇ ਮਾਪ ਵਾਲੇ ਸੀਮਿੰਟ ਬੈੱਡ ਪੱਧਰੀ ਜ਼ਮੀਨ 'ਤੇ ਬਣਾਏ ਜਾਣੇ ਚਾਹੀਦੇ ਹਨ । ਬੈੱਡ ਦੀ ਲੰਬਾਈ ਜਗ੍ਹਾ ਅਤੇ ਸਰੋਤਾਂ ਦੇ ਆਧਾਰ 'ਤੇ ਵੱਖ-ਵੱਖ ਹੋ ਸਕਦੀ ਹੈ ।

ਬੈੱਡ ਦਾ ਫਰਸ਼ ਪੱਕਾ ਹੋਣਾ ਚਾਹੀਦਾ ਹੈ, ਤਾਂ ਜੋ ਗੰਡੋਇਆਂ ਦੇ ਮਲ ਅਤੇ ਪਿਸ਼ਾਬ (ਵਰਮੀਵਾਸ਼) ਦੇ ਬਾਹਰ ਰਿਸਾਅ ਤੋਂ ਬਚਿਆ ਜਾ ਸਕੇ ।

ਸਭ ਤੋਂ ਪਹਿਲਾਂ, ਬੈੱਡਾਂ ਵਿੱਚ ਝੋਨੇ ਦੀ ਪਰਾਲੀ ਦੀ ਜਾਂ ਖ਼ਰਾਬ ਮੱਕੀ ਦੇ ਚਾਰੇ ਦੀ ਰਹਿੰਦ-ਖੂੰਹਦ ਦੀ ਇਕ ਫੁੱਟ ਦੀ ਪਰਤ ਵਿਛਾਓ । ਝੋਨੇ ਦੀ ਪਰਾਲੀ/ਮੱਕੀ ਦੀ ਰਹਿੰਦ-ਖੂੰਹਦ ਨੂੰ ਪਾਣੀ ਛਿੜਕ ਕੇ ਚੰਗੀ ਤਰ੍ਹਾਂ ਗਿੱਲਾ ਕਰੋ ਤਾਂ ਜੋ ਨਮੀ 60-70% ਤੱਕ ਰਹੇ ।

ਇਸ ਤੋਂ ਬਾਅਦ 4-5 ਦਿਨ ਪੁਰਾਣੇ ਗੋਹੇ ਦੀ ਦੂਜੀ ਪਰਤ 2 ਫੁੱਟ ਦੀ ਡੂੰਘਾਈ ਤੱਕ ਪਾਓ ।

ਬੈੱਡ ਦੀ ਪ੍ਰਤੀ 6 ਫੁੱਟ ਲੰਬਾਈ ਵਾਸਤੇ ਇਕ ਕਿਲੋਗ੍ਰਾਮ ਗੰਡੋਆ (ਆਈਸੇਨੀਆ ਫੈਟੀਡਾ) ਪਾਓ । ਜੇਕਰ ਬੈੱਡ ਦਾ ਆਕਾਰ ਮਿਆਦੀ ਮਾਪਾਂ ਤੋਂ ਵੱਖਰਾ ਹੋਵੇ ਤਾਂ ਗੰਡੋਇਆਂ ਦੀ ਮਾਤਰਾ ਵਧਾਈ ਜਾਂ ਘਟਾਈ ਜਾ ਸਕਦੀ ਹੈ । ਵਾਸ਼ਪੀਕਰਨ ਰਾਹੀਂ ਪਾਣੀ ਦੇ ਨੁਕਸਾਨ ਤੋਂ ਬਚਣ ਲਈ ਭਿੱਜੀ ਹੋਈ ਝੋਨੇ ਦੀ ਪਰਾਲੀ ਦੀ ਦੋ ਇੰਚ ਦੀ ਪਰਤ ਬੈੱਡਾਂ 'ਤੇ ਵਿਛਾਉ ।

ਗੰਡੋਇਆਂ ਲਈ ਹਵਾਦਾਰੀ ਬਣਾਈ ਰੱਖਣ ਅਤੇ ਝੋਨੇ ਦੀ ਪਰਾਲੀ ਦੇ ਗਲਣ ਲਈ ਬੈੱਡਾਂ ਨੂੰ ਹਰ ਹਫ਼ਤੇ ਪਲਟਣਾ ਜ਼ਰੂਰੀ ਕਰੋ । ਪਾਣੀ ਦਾ ਛਿੜਕਾਅ ਗਰਮੀਆਂ ਦੇ ਦਿਨਾਂ ਵਿੱਚ ਦੋ ਵਾਰ ਅਤੇ ਸਰਦੀਆਂ ਵਿੱਚ 2-3 ਦਿਨਾਂ ਦੇ ਅੰਤਰਾਲ 'ਤੇ ਕਰੋ ।

ਝੋਨੇ ਦੀ ਪਰਾਲੀ ਤੋਂ ਤਿਆਰ ਕੀਤੀ ਵਰਮੀਕੰਪੋਸਟ 60-70 ਦਿਨਾਂ ਵਿੱਚ ਅਤੇ ਖ਼ਰਾਬ ਮੱਕੀ ਦੇ ਚਾਰੇ ਦੀ ਰਹਿੰਦ-ਖੂੰਹਦ ਤੋਂ ਤਿਆਰ ਕੀਤੀ ਵਰਮੀਕੰਪੋਸਟ 45 ਦਿਨਾਂ ਬਾਅਦ ਬਣ ਕੇ ਤਿਆਰ ਹੋ ਜਾਵੇਗੀ ।

### ਗੰਡੋਇਆਂ ਨੂੰ ਖਾਦ ਤੋਂ ਵੱਖ ਕਰਨਾ

ਤਿਆਰ ਵਰਮੀਕੰਪੋਸਟ ਇਕਸਾਰ, ਦਾਣੇਦਾਰ, ਕਾਲੇ ਰੰਗ ਦਾ ਅਤੇ ਗੰਧ ਤੋਂ ਰਹਿਤ ਹੁੰਦਾ ਹੈ । ਖਾਦ ਨੂੰ ਗੰਡੋਇਆਂ ਤੋਂ ਵੱਖ ਕਰਨ ਲਈ ਬੈੱਡ ਵਿੱਚ ਨਮੀ ਦੀ ਮਾਤਰਾ ਘੱਟ ਕੀਤੀ ਜਾਂਦੀ ਹੈ । ਇਸ ਦੇ ਨਾਲ ਗੰਡੋਏ ਬੈੱਡ ਦੇ ਅੰਦਰ ਹੇਠਾਂ ਚਲੇ ਜਾਂਦੇ ਹਨ । ਖਾਦ ਦੇ ਢੇਰ ਨੂੰ ਉੱਪਰੋਂ ਵੱਖ ਕੀਤਾ ਜਾਂਦਾ ਹੈ । ਖਾਦ ਨੂੰ ਛਾਨਣੀ ਨੰਬਰ 9 ਅਤੇ 10 ਵਿੱਚੋਂ ਲੰਘਾਇਆ ਜਾਂਦਾ ਹੈ । ਛਾਨਣੀ ਨੰਬਰ 10 ਗੰਡੋਇਆਂ ਅਤੇਕੋਕੂਨ ਨੂੰ ਹੇਠਾਂ ਜਾਣ ਤੋਂ ਰੋਕਦੀ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਨਵੇਂ ਬੈੱਡਾਂ ਵਿੱਚ ਵਰਤਿਆ ਜਾ ਸਕਦਾ ਹੈ ।

### ਖਾਦ ਬਣਾਉਣ ਸਮੇਂ ਦੀਆਂ ਸਾਵਧਾਨੀਆਂ

1. ਵਰਮੀ ਬੈੱਡਾਂ 'ਤੇ ਛੱਤ ਬਣਾਉਣਾ ਜ਼ਰੂਰੀ ਹੈ ਕਿਉਂਕਿ ਛੱਤ ਬੈੱਡਾਂ ਨੂੰ ਸਿੱਧੀ ਧੁੱਪ, ਮੀਂਹ ਅਤੇ ਠੰਢੀਆਂ ਸਥਿਤੀਆਂ ਤੋਂ ਬਚਾਉਂਦੀ ਹੈ ।

2. ਬੈੱਡਾਂ ਵਿੱਚ ਨਮੀ ਬਣਾਈ ਰੱਖਣ ਲਈ, ਹਰ ਰੋਜ਼ ਇਨ੍ਹਾਂ 'ਤੇ ਪਾਣੀ ਦਾ ਛਿੜਕਾਅ ਕਰਨਾ ਚਾਹੀਦਾ ਹੈ । ਵਰਮੀਕੰਪੋਸਟ ਤਿਆਰ ਕਰਦੇ ਸਮੇਂ, ਗੰਡੋਇਆਂ ਦੇ ਸਾਹ ਲੈਣ ਲਈ 60-70% ਨਮੀ ਹੋਣੀ ਜ਼ਰੂਰੀ ਹੈ ।

3. ਪੰਛੀਆਂ ਅਤੇ ਕੀੜਿਆਂ ਤੋਂ ਗੰਡੋਇਆਂ ਨੂੰ ਬਚਾਉਣ ਲਈ, ਰਹਿੰਦ-ਖੂੰਹਦ ਨੂੰ ਬੋਰੀਆਂ ਜਾਂ ਚਾਦਰਾਂ ਨਾਲ ਢੱਕਣਾ ਚਾਹੀਦਾ ਹੈ ।

4. ਬੈੱਡਾਂ ਦਾ ਖਾਰੀ ਅੰਕ 7-7.5 ਵਿਚਕਾਰ ਹੋਣਾ ਜ਼ਰੂਰੀ ਹੈ ।

5. ਗੰਡੋਇਆਂ ਨੂੰ ਕਦੇ ਵੀ ਧਾਤਾਂ (ਲੋਹਾ ਆਦਿ), ਪਲਾਸਟਿਕ ਰਸਾਇਣ, ਤੇਲ, ਸਾਬਣ, ਰੰਗ, ਕੀਟ-ਨਾਸ਼ਕ, ਨਿੰਬੂ ਜਾਤੀ ਦੇ ਫ਼ਲਾਂ (ਸੰਤਰਾ, ਮਾਲਟਾ, ਨਿੰਬੂ ਅਤੇ ਗਲਗਲ ਆਦਿ) ਦਾ ਫੋਕਟ, ਪਿਆਜ਼, ਲੱਸਣ ਦੇ ਛਿਲਕੇ, ਬਹੁਤ ਗਰਮ ਅਤੇ ਮਿਰਚ ਮਸਾਲੇ ਵਾਲੇ ਜਾਂ ਤੇਜ਼ਾਬੀ ਖਾਧ ਪਦਾਰਥ, ਮੀਟ, ਹੱਡੀਆਂ, ਅੰਡੇ, ਚਿਕਨਾਈ ਵਾਲੇ ਪਦਾਰਥ ਖਾਣ ਲਈ ਨਹੀਂ ਦੇਣੇ ਚਾਹੀਦੇ ।

### ਬਣਾਉਣ ਦੀ ਵਿਧੀ

ਗੰਡੋਆ ਖਾਦ ਬਣਾਉਣ ਦੀ ਵਿਧੀ ਨੂੰ ਇਕ ਬਾਲਟੀ ਵਿੱਚ ਜਾਂ ਮਿੱਟੀ ਦੇ ਘੜੇ ਵਿੱਚ, ਜਿਸ ਦੇ ਹੇਠਲੇ ਹਿੱਸੇ 'ਤੇ ਟੂਟੀ ਲੱਗੀ ਹੋਵੇ, ਸਥਾਪਿਤ ਕਰ ਕੇ ਵਰਮੀ-ਵਾਸ਼ ਇਕੱਠਾ ਕੀਤਾ ਜਾ ਸਕਦਾ ਹੈ ।

ਇਕ ਬਾਲਟੀ ਜਾਂ ਮਿੱਟੀ ਦੇ ਘੜੇ ਨੂੰ ਪੱਥਰਾਂ ਦੇ ਟੁਕੜਿਆਂ ਨਾਲ 10 ਸੈਂਟੀਮੀਟਰ ਦੀ ਉੱਚਾਈ ਤੱਕ ਭਰਿਆ ਜਾਂਦਾ ਹੈ । ਫਿਰ ਇਸ 'ਤੇ 150-200 ਗੰਡੋਇਆਂ ਦੇ ਨਾਲ-ਨਾਲ ਜੈਵਿਕ ਮਾਦੇ ਦੀ ਤੈਅ ਵਿਛਾਈ ਜਾਂਦੀ ਹੈ । ਗੰਡੋਏ ਗੰਡੋਆ ਖਾਦ ਬਣਾਉਣ ਦਾ ਕੰਮ ਕਰਦੇ ਹਨ ।

ਹਰ ਰੋਜ਼ ਤਕਰੀਬਨ 100 ਮਿਲੀਲੀਟਰ ਪਾਣੀ ਉੱਪਰੋਂ ਪਾਇਆ ਜਾਂਦਾ ਹੈ ਅਤੇ ਵਰਮੀ-ਵਾਸ਼ ਹੇਠਾਂ ਲੱਗੀ ਟੂਟੀ ਦੁਆਰਾ ਇਕੱਠਾ ਕੀਤਾ ਜਾਂਦਾ ਹੈ ।

---

# ਹਲਕਾਅ (ਰੇਬੀਜ਼) ਤੋਂ ਬਚਾਅ ਲਈ ਜਾਗਰੂਕਤਾ ਜ਼ਰੂਰੀ

ਕੰਵਰਪਾਲ ਸਿੰਘ ਢਿੱਲੋਂ ਅਤੇ ਬਿਕਰਮਜੀਤ ਸਿੰਘ, ਪੀ. ਏ. ਯੂ.,
ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ (ਮੋ. 99156-78787)



ਹਲਕਾਅ (ਰੇਬੀਜ਼) ਇੱਕ ਘਾਤਕ ਵਾਇਰਸ ਬਿਮਾਰੀ ਹੈ, ਜੋ ''ਲਾਇਸਾ ਵਾਇਰਸ'' ਕਾਰਨ ਹੁੰਦੀ ਹੈ । ਇਹ ਬਿਮਾਰੀ ਮਨੁੱਖਾਂ ਅਤੇ ਪਸ਼ੂਆਂ ਵਿੱਚ ਮੁੱਖ ਤੌਰ 'ਤੇ ਹਲਕੇ ਕੁੱਤੇ ਦੇ ਵੱਢਣ ਨਾਲ ਫੈਲਦੀ ਹੈ । ਇਸ ਤੋਂ ਇਲਾਵਾ ਨਿਉਲਾ, ਬਾਂਦਰ, ਚਮਗਾਦੜ, ਗਿੱਦੜ, ਲੂੰਬੜ, ਬਿੱਲੀ ਅਤੇ ਹੋਰ ਜੰਗਲੀ ਜਾਨਵਰ ਵੀ ਇਸ ਰੋਗ ਨੂੰ ਫੈਲਾ ਸਕਦੇ ਹਨ । ਭਾਰਤ ਵਿੱਚ ਲਗਭਗ 99 ਪ੍ਰਤੀਸ਼ਤ ਹਲਕਾਅ ਦੇ ਮਾਮਲੇ ਹਲਕੇ ਕੁੱਤਿਆਂ ਕਾਰਨ ਹੁੰਦੇ ਹਨ ਅਤੇ ਹਰ ਸਾਲ ਹਜ਼ਾਰਾਂ ਲੋਕ ਇਸ ਕਾਰਨ ਮੌਤ ਦਾ ਸ਼ਿਕਾਰ ਬਣਦੇ ਹਨ ।

ਜਦੋਂ ਸੰਕਰਮਿਤ ਜਾਨਵਰ ਕਿਸੇ ਮਨੁੱਖ ਜਾਂ ਪਸ਼ੂ ਨੂੰ ਵੱਢਦਾ ਹੈ, ਤਾਂ ਵਾਇਰਸ ਜ਼ਖ਼ਮ ਵਾਲੀ ਥਾਂ ਤੋਂ ਨਸਾਂ (nerves) ਰਾਹੀਂ ਹੌਲੀ-ਹੌਲੀ ਦਿਮਾਗ ਵੱਲ ਵਧਦਾ ਹੈ । ਇਸ ਦੌਰਾਨ ਆਮ ਤੌਰ 'ਤੇ ਕੋਈ ਸਪਸ਼ਟ ਲੱਛਣ ਨਹੀਂ ਦਿਖਦੇ । ਜਿਵੇਂ ਕਿ ਵਾਇਰਸ ਦਿਮਾਗ ਤੱਕ ਪਹੁੰਚਦਾ ਹੈ, ਤੰਤੂਆਂ (tissues) ਨੂੰ ਨੁਕਸਾਨ ਪਹੁੰਚਦਾ ਹੈ ਅਤੇ ਬਿਮਾਰੀ ਦੇ ਲੱਛਣ ਪ੍ਰਗਟ ਹੋਣ ਲੱਗਦੇ ਹਨ । ਵੱਢਦ ਤੋਂ ਬਾਅਦ ਲੱਛਣ ਆਉਣ ਦਾ ਸਮਾਂ ਕੁਝ ਦਿਨਾਂ ਤੋਂ ਲੈ ਕੇ ਇੱਕ ਸਾਲ ਤੱਕ ਹੋ ਸਕਦਾ ਹੈ, ਪਰ ਆਮ ਤੌਰ 'ਤੇ ਇਸ ਦੇ ਲੱਛਣ ਆਉਣ ਲਈ 3-4 ਹਫ਼ਤੇ ਲੱਗਦੇ ਹਨ ।

### ਹਲਕਾਅ ਦੀਆਂ ਮੁੱਖ ਕਿਸਮਾਂ ਅਤੇ ਲੱਛਣ

**1. ਗੁੱਸੇ ਵਾਲੀ ਕਿਸਮ (Furious Form)**

★ ਇਸ ਕਿਸਮ ਵਿੱਚ ਕੁੱਤਾ ਪਾਗਲਾਂ ਵਾਂਗ ਇੱਧਰ-ਉੱਧਰ ਭੱਜਦਾ ਹੈ, ਬਹੁਤ ਭੌਂਕਦਾ ਹੈ ਅਤੇ ਮਨੁੱਖਾਂ ਜਾਂ ਪਸ਼ੂਆਂ ਨੂੰ ਵੱਢਣ ਦੀ ਕੋਸ਼ਿਸ਼ ਕਰਦਾ ਹੈ । ਮੂੰਹ ਵਿੱਚੋਂ ਝੱਗ ਆਉਂਦੀ ਹੈ ਅਤੇ ਉਸਨੂੰ ਪਾਣੀ ਪੀਣ ਵਿੱਚ ਦਿੱਕਤ ਹੁੰਦੀ ਹੈ ।

★ ਮੱਝਾਂ ਅਤੇ ਗਾਂਵਾਂ ਵਿੱਚ ਲਗਾਤਾਰ ਬੇਚੈਨੀ, ਅੜਿੰਗਣਾ, ਮੂੰਹ ਵਿੱਚੋਂ ਝੱਗ ਆਉਣਾ, ਖੁਰਲੀ ਜਾਂ ਸੰਗਲ ਨੂੰ ਵੱਢਣਾ ਅਤੇ ਅੱਖਾਂ ਲਾਲ ਹੋ ਜਾਣੀਆਂ ਹਲਕਾਅ ਦੇ ਆਮ ਲੱਛਣ ਹਨ ।

★ ਮਨੁੱਖਾਂ ਵਿੱਚ ਸਿਰ ਦਰਦ, ਬੁਖਾਰ, ਜ਼ਖ਼ਮ ਵਾਲੀ ਥਾਂ 'ਤੇ ਦਰਦ, ਪਾਣੀ ਤੋਂ ਡਰ ਲੱਗਣਾ, ਬਹੁਤ ਜ਼ਿਆਦਾ ਗੁੱਸਾ ਅਤੇ ਪਾਗਲਪਨ ਵਾਲਾ ਵਰਤਾਅ ਵੇਖਿਆ ਜਾਂਦਾ ਹੈ ।

**2. ਲਕਵੇ ਵਾਲੀ ਕਿਸਮ (Paralytic Form)**

★ ਇਸ ਵਿੱਚ ਜਾਨਵਰ ਚੁੱਪ ਅਤੇ ਸੁਸਤ ਰਹਿੰਦਾ ਹੈ । ਜਬਾੜੇ ਦਾ ਅਧਰੰਗ ਹੋ ਜਾਂਦਾ ਹੈ, ਮੂੰਹ ਖੁੱਲ੍ਹਾ ਰਹਿੰਦਾ ਹੈ ਅਤੇ ਲਾਰ ਡਿੱਗਦੀ ਰਹਿੰਦੀ ਹੈ । ਬਾਅਦ ਵਿਚ ਪੂਰੇ ਸਰੀਰ ਨੂੰ ਲਕਵਾ ਮਾਰ ਜਾਂਦਾ ਹੈ ਅਤੇ ਮੌਤ ਹੋ ਜਾਂਦੀ ਹੈ ।

ਮਨੁੱਖਾਂ ਵਿੱਚ ਵੀ ਹੌਲੀ-ਹੌਲੀ ਸਰੀਰ ਨੂੰ ਲਕਬਾ ਮਾਰਦਾ ਹੈ, ਖਾਣ-ਪੀਣ ਵਿੱਚ ਮੁਸ਼ਕਲ ਹੁੰਦੀ ਹੈ ਅਤੇ ਆਖਰ ਵਿੱਚ ਰੋਗੀ ਕੋਮਾ ਵਿੱਚ ਚਲਾ ਜਾਂਦਾ ਹੈ ।

### ਕੀ ਹਲਕਾਅ ਦਾ ਇਲਾਜ ਸੰਭਵ ਹੈ ?

ਜੇ ਸਮੇਂ ਸਿਰ ਸਹੀ ਇਲਾਜ ਅਤੇ ਐਂਟੀਰੈਬੀਜ਼ ਟੀਕਾਕਰਨ ਕਰਵਾ ਲਿਆ ਜਾਵੇ, ਤਾਂ ਬਹੁਤ ਸਾਰੇ ਮਾਮਲਿਆਂ ਵਿੱਚ ਜਾਨ ਬਚਾਈ ਜਾ ਸਕਦੀ ਹੈ । ਪਰ ਜਦੋਂ ਇੱਕ ਵਾਰ ਬਿਮਾਰੀ ਦੇ ਲੱਛਣ ਦਿਖਣ ਲੱਗ ਜਾਣ, ਤਾਂ ਇਸ ਦਾ ਕੋਈ ਇਲਾਜ ਨਹੀਂ ਹੁੰਦਾ ਅਤੇ ਮੌਤ ਲੱਗਭੱਗ ਨਿਸ਼ਚਿਤ ਹੁੰਦੀ ਹੈ । ਇਸ ਲਈ ਸਮੇਂ ਸਿਰ ਇਲਾਜ ਅਤੇ ਟੀਕਾਕਰਨ ਬਹੁਤ ਜ਼ਰੂਰੀ ਹੈ ।

### ਜੇ ਹਲਕਾਅ ਵਾਲਾ ਜਾਨਵਰ ਕੱਟ ਲਵੇ ਤਾਂ ਕੀ ਕਰੀਏ ?

★ ਜ਼ਖ਼ਮ ਨੂੰ ਤੁਰੰਤ ਘੱਟੋ-ਘੱਟ 15 ਮਿੰਟ ਤੱਕ ਸਾਬਣ ਅਤੇ ਵਗਦੇ ਪਾਣੀ ਨਾਲ ਧੋਵੋ ।

★ ਜ਼ਖ਼ਮ 'ਤੇ ਐਂਟੀਸੈਪਟਿਕ ਦਵਾਈ ਲਗਾਓ ।

★ ਜ਼ਖ਼ਮ 'ਤੇ ਮਿਰਚ, ਹਲਦੀ, ਮਿੱਟੀ ਦਾ ਤੇਲ ਜਾਂ ਹੋਰ ਘਰੇਲੂ ਚੀਜ਼ਾਂ ਨਾ ਲਗਾਓ ।

★ ਤੁਰੰਤ ਡਾਕਟਰ ਜਾਂ ਵੈਟਰਨਰੀ ਡਾਕਟਰ ਨਾਲ ਸੰਪਰਕ ਕਰੋ ।

★ ਐਂਟੀਰੈਬੀਜ਼ ਟੀਕੇ 0, 3, 7, 14 ਅਤੇ 28 ਦਿਨਾਂ ਦੇ ਅੰਤਰਾਲ 'ਤੇ ਲਗਵਾਓ ।

★ ਡੂੰਘੇ ਜ਼ਖ਼ਮ ਹੋਣ ਦੀ ਸੂਰਤ ਵਿੱਚ ਐਂਟੀਰੈਬੀਜ਼ ਇਮਿਊਨੋਗਲੋਬੁਲਿਨ ਵੀ ਲਗਵਾਉਣਾ ਚਾਹੀਦਾ ਹੈ ।

★ ਜ਼ਖ਼ਮ ਨੂੰ ਖੁੱਲ੍ਹਾ ਛੱਡੋ, ਟਾਂਕੇ ਨਾ ਲਗਾਓ ।

### ਪਸ਼ੂਆਂ ਵਿੱਚ ਜਾਂਚ

ਹਲਕਾਅ ਦੀ ਪੁਸ਼ਟੀ ਲੱਛਣਾਂ ਅਤੇ ਲੈਬ ਟੈਸਟਾਂ ਰਾਹੀਂ ਕੀਤੀ ਜਾਂਦੀ ਹੈ । ਸ਼ੱਕੀ ਹਾਲਤ ਵਿੱਚ ਮਰੇ ਹੋਏ ਜਾਨਵਰਾਂ ਦੇ ਨਮੂਨੇ ਬਰਫ਼ ਵਿੱਚ ਸੰਭਾਲ ਕੇ ਜਲਦੀ ਪ੍ਰਯੋਗਸ਼ਾਲਾ ਭੇਜਣੇ ਚਾਹੀਦੇ ਹਨ ।

### ਬਚਾਅ ਅਤੇ ਰੋਕਥਾਮ

★ ਪਾਲਤੂ ਕੁੱਤਿਆਂ ਅਤੇ ਬਿੱਲੀਆਂ ਨੂੰ 3 ਮਹੀਨੇ ਦੀ ਉਮਰ ਤੋਂ ਬਾਅਦ ਐਂਟੀਰੈਬੀਜ਼ ਟੀਕਾ ਲਗਵਾਉਣਾ ਚਾਹੀਦਾ ਹੈ ।

★ ਮੱਝਾਂ, ਗਾਂਵਾਂ, ਭੇਡਾਂ, ਬੱਕਰੀਆਂ ਅਤੇ ਘੋੜਿਆਂ ਨੂੰ 6 ਮਹੀਨੇ ਦੀ ਉਮਰ ਤੋਂ ਬਾਅਦ ਟੀਕਾਕਰਨ ਕਰਵਾਓ ।

★ ਹਰ ਸਾਲ ਬੂਸਟਰ ਟੀਕਾ ਲਗਵਾਉਣਾ ਜ਼ਰੂਰੀ ਹੈ ।

★ ਅਵਾਰਾ ਕੁੱਤਿਆਂ ਦੀ ਗਿਣਤੀ ਘਟਾਉਣ ਲਈ ਨਸਬੰਦੀ ਅਤੇ ਕੁੱਤੇ ਦੀ ਸਹੀ ਸੰਭਾਲ ਜ਼ਰੂਰੀ ਹੈ ।

★ ਪਸ਼ੂਆਂ ਦੇ ਵਾੜੇ ਨੂੰ ਅਵਾਰਾ ਅਤੇ ਜੰਗਲੀ ਜਾਨਵਰਾਂ ਤੋਂ ਸੁਰੱਖਿਅਤ ਰੱਖੋ ।

★ ਲੋਕਾਂ ਵਿੱਚ ਹਲਕਾਅ ਬਾਰੇ ਜਾਗਰੂਕਤਾ ਫੈਲਾਉਣਾ ਬਹੁਤ ਮਹੱਤਵਪੂਰਨ ਹੈ ।

★ ਹਲਕੇ ਜਾਨਵਰ ਦੇ ਕੱਟੇ ਪਸ਼ੂ ਦਾ ਦੁੱਧ ਵਰਤਣ ਤੋਂ ਬਚੋ ।

### ਵਿਸ਼ਵ ਸਿਹਤ ਸੰਗਠਨ (WHO) ਦੀਆਂ ਹਦਾਇਤਾਂ

★ **ਸ਼੍ਰੇਣੀ I** : ਸਿਰਫ਼ ਛੂਹਣ ਜਾਂ ਚੱਟਣ ਦੀ ਸੂਰਤ ਵਿੱਚ, ਜੇ ਚਮੜੀ ਸਹੀ ਹੋਵੇ ਤਾਂ ਇਲਾਜ ਦੀ ਲੋੜ ਨਹੀਂ ।

★ **ਸ਼੍ਰੇਣੀ II** : ਝਰੀਟ ਜਾਂ ਹਲਕੇ ਜ਼ਖ਼ਮ ਹੋਣ 'ਤੇ ਤੁਰੰਤ ਐਂਟੀਰੈਬੀਜ਼ ਟੀਕਾਕਰਨ ਕਰੋ ।

★ **ਸ਼੍ਰੇਣੀ III** : ਡੂੰਘੇ ਜ਼ਖ਼ਮ ਜਾਂ ਖੂਨ ਵਾਲੇ ਵੱਢਣ ਦੀ ਸੂਰਤ ਵਿੱਚ ਟੀਕਾਕਰਨ ਦੇ ਨਾਲ ਐਂਟੀਰੈਬੀਜ਼ ਇਮਿਊਨੋ-ਗਲੋਬੁਲਿਨ ਲਗਵਾਉਣਾ ਲਾਜ਼ਮੀ ਹੈ ।

ਹਮੇਸ਼ਾ ਯਾਦ ਰੱਖੋ ਕਿ ਹਲਕਾਅ ਦਾ ਕੋਈ ਪੱਕਾ ਇਲਾਜ ਨਹੀਂ ਹੈ । ਸਮੇਂ ਸਿਰ ਟੀਕਾਕਰਨ ਅਤੇ ਸਾਵਧਾਨੀ ਹੀ ਇਸ ਜਾਨਲੇਵਾ ਬਿਮਾਰੀ ਤੋਂ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਹੈ ।

# ਗੱਭਣ ਪਸ਼ੂ ਵਿੱਚ ਵਲੇਵੇਂ ਦੀ ਸਮੱਸਿਆ

ਪਸ਼ੂ ਪਾਲਣ ਕਿੱਤੇ ਨੂੰ ਭਾਰਤੀ ਖੇਤੀਬਾੜੀ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ ਪਰ ਪਸ਼ੂ ਪਾਲਣ ਦੇ ਤਰੀਕੇ ਅਜ ਵੀ ਅਸੰਗਠਿਤ ਹਨ ਅਤੇ ਜ਼ਿਆਦਾਤਰ ਇਹ ਕਿੱਤਾ ਪਿੰਡ ਵਿੱਚ ਰਹਿਣ ਵਾਲੇ ਲੋਕ ਕਰਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਿਛਲੇ ਕੁੱਝ ਸਾਲਾਂ ਦੌਰਾਨ ਸਾਰੇ ਪਸ਼ੂਆਂ ਦੇ ਉਤਪਾਦਨ ਦਾ ਪੱਧਰ ਸਰਕਾਰਾਂ ਦੁਆਰਾ ਅਪਣਾਈਆਂ ਗਈਆਂ, ਨੀਤੀਆਂ ਕਾਰਣ ਵਧਿਆ ਹੈ ਪਰ ਦੂਜੇ ਪਾਸੇ ਡੇਅਰੀ ਪਸ਼ੂਆ ਵਿੱਚ ਵਧੇਰੇ ਉਤਪਾਦਨ ਦੇ ਤਣਾਅ ਕਾਰਣ ਵੱਖ-ਵੱਖ ਪ੍ਰਜਨਨ ਵਿਕਾਰ ਦੀਆਂ ਘਟਨਾਵਾਂ ਵਿਚ ਵੀ ਭਾਰੀ ਵਾਧਾ ਹੋਇਆ ਹੈ। ਇਕ ਬੀਮਾਰੀ ਜਿਹੜੀ ਮੁੱਖ ਤੌਰ ਤੇ ਡੇਅਰੀ ਪਸ਼ੂਆਂ ਵਿੱਚ ਹੁੰਦੀ ਹੈ, ਉਹ ਹੈ ਬੱਚੇਦਾਨੀ ਦਾ ਵਲ ਪੈ ਜਾਣਾ।

ਬੱਚੇਦਾਨੀ ਵਿੱਚ ਵਲ ਉਦੋਂ ਪੈਂਦਾ ਹੈ ਜਦੋਂ ਬੱਚੇਦਾਨੀ ਆਪਣੇ ਧੁਰੇ ਦੇ ਨਾਲ ਮੁੜ ਜਾਂਦੀ ਹੈ। ਬੱਚੇਦਾਨੀ ਵਿੱਚ ਵਲੇਵਾਂ ਮੱਝ, ਊਠਣੀ, ਘੋੜੀ, ਬੱਕਰੀ, ਅਤੇ ਭੇਡ ਵਿਚ ਪਾਇਆ ਜਾਂਦਾ ਹੈ। ਵਲੇਵੇ ਦੌਰਾਨ ਜਦੋਂ ਵੀ ਪ੍ਰਤੀ ਗੁਦਾ ਜਾਂਚ ਕਰਦੇ ਹਾਂ ਤਾਂ ਵਿਆਪਕ ਲਿਗਾਮੈਂਟ ਸੱਜੇ ਜਾਂ ਖੱਬੇ ਪਾਸੇ ਵੱਲ ਨੂੰ ਬਦਲਦੀਆਂ ਮਿਲਦੀਆਂ ਹਨ।

ਵਲੇਵੇਂ ਦੀ ਗੰਭੀਰਤਾ ਵਧਣ ਨਾਲ, ਮੱਝ ਨੂੰ ਪਲਟਣ ਅਤੇ ਭਰੂਣ ਪ੍ਰਦਾਨ ਕਰਨ ਦੀਆਂ ਸਫਲ ਕੋਸ਼ਿਸ਼ਾਂ ਘੱਟ ਜਾਂਦੀਆਂ ਹਨ। ਜੇ ਵਲੇਵੇਂ ਨੂੰ ਠੀਕ ਨਾ ਕੀਤਾ ਜਾਵੇ ਤਾਂ ਬੱਚੇ ਨੂੰ ਬੱਚੇਦਾਨੀ ਤੋਂ ਬਾਹਰ ਕੱਢਣਾ ਅਸੰਭਵ ਹੈ। ਜੇ ਤੁਰੰਤ ਉਪਰਾਲਾ ਜਾਂ ਇਲਾਜ ਨਾ ਕੀਤਾ ਜਾਵੇ ਤਾਂ ਬੱਚੇ ਨੂੰ ਬਾਹਰ ਕੱਢਣ ਸਬੰਧੀ ਮੁਸ਼ਕਲਾਂ ਦੇ ਨਤੀਜੇ ਕਾਰਣ ਬੱਚੇ ਅਤੇ ਮਾਂ ਦੋਵਾਂ ਦੀ ਮੌਤ ਹੋ ਸਕਦੀ ਹੈ।

**ਪ੍ਰਭਾਵਿਤ ਹੋਣ ਦੇ ਕਾਰਕ** : ਮੱਝਾਂ ਅਤੇ ਗਾਵਾਂ ਵਿੱਚ ਇਸਦੇ ਹੋਣ ਦੀ ਸੰਭਾਵਨਾ ਜ਼ਿਆਦਾ ਹੈ। ਇਹ ਸਮੱਸਿਆ ਬੀਫ ਗਾਂਵਾਂ ਤੋਂ ਜ਼ਿਆਦਾ ਡੇਅਰੀ ਗਾਂਵਾਂ ਵਿੱਚ ਪਾਈ ਗਈ ਹੈ।

ਜਿਹੜੇ ਪਸ਼ੂਆਂ ਨੂੰ ਜ਼ਿਆਦਾ ਵਾਰ ਸੂਆ ਪੈ ਚੁੱਕਾ ਹੁੰਦਾ ਹੈ, ਉਨ੍ਹਾਂ ਵਿੱਚ ਇਹ ਜ਼ਿਆਦਾ ਪਾਈ ਗਈ ਹੈ।

**ਕਾਰਣ** : ਬੱਚੇਦਾਨੀ ਦੇ ਵਲੇਵੇਂ ਵਿੱਚ ਸੰਭਾਵਨਾ ਦੀ ਵਿਆਖਿਆ ਕਰਨ ਲਈ ਕਈਂ ਕਾਰਣ ਹਨ।

ਵਿਆਪਕ ਲਿਗਾਮੈਂਟ ਦੀ ਲੰਬਾਈ ਦਾ ਛੋਟਾ ਰਹਿ ਜਾਣਾ।

ਬੱਚੇ ਦੇ ਆਕਾਰ ਵਿੱਚ ਵਾਧਾ ਹੋਣਾ।

ਗਰਭਸਥ ਬੱਚੇ ਦੀ ਲਹਿਰ ਵਿੱਚ ਵਾਧਾ ਹੋਣਾ।

ਗੱਭਣ ਪਸ਼ੂ ਦੇ ਤਿਲਕਣ ਨਾਲ।

**ਲੱਛਣ** : ਪੇਟ ਤਣਾਅ ਆਮ ਤੌਰ ਤੇ ਗੱਭਣ ਪਸ਼ੂ ਦੇ ਦੂਜੇ ਪੜਾਅ ਵਿਚ ਹੁੰਦਾ ਹੈ।

ਪਸ਼ੂ ਨੂੰ ਦਸਤ ਹੋ ਜਾਣਾ।

ਨਬਜ਼ ਦਾ ਕਮਜ਼ੋਰ ਹੋਣਾ।

ਇਸ ਸਦਮੇ ਕਾਰਣ ਕੁਝ ਜਾਨਵਰਾਂ ਦੀ ਮੌਤ 24-72 ਘੰਟਿਆਂ ਵਿਚ ਹੋ ਜਾਂਦੀ ਹੈ।

ਪੇਟ ਵਿਚ ਖਿੱਚ ਮਹਿਸੂਸ ਹੋਣਾ।

ਪਸ਼ੂ ਦਾ ਪੇਟ ਵਿੱਚ ਦਰਦ ਮੰਨਣਾ।

**ਬੀਮਾਰੀ ਦੀ ਪਛਾਣ** : ਜਦੋਂ ਵੀ ਦੇਰ ਨਾਲ ਗਰਭ ਅਵਸਥਾ ਦੌਰਾਨ ਡਾਇਸਟੋਕੀਆ ਦੇ ਲੱਛਣਾਂ ਦਾ ਅਨੁਭਵ ਹੁੰਦਾ ਹੈ ਤਾ ਬੱਚੇਦਾਨੀ ਦਾ ਵਲੇਵਾਂ ਮੰਨਿਆ ਜਾ ਸਕਦਾ ਹੈ।

ਇਸ ਅਵਸਥਾ ਵਿੱਚ ਜਦੋਂ ਕਿਸਾਨਾਂ ਤੋਂ ਜਾਨਵਰਾਂ ਬਾਰੇ ਪੁੱਛਿਆ ਜਾਂਦਾ ਹੈ ਤਾਂ ਕਿਸਾਨਾਂ ਨੂੰ ਪਸ਼ੂ ਦੇ ਸੂਣ ਦੇ ਲੱਛਣ ਜਿਵੇਂ ਦੁੱਧ ਆਉਣੇ ਤਾਂ ਦਿਸਦੇ ਹਨ ਪਰ ਅਜੇ ਵੀ ਬੱਚੇ ਦਾ ਪਾਣੀ ਦਾ ਬੈਗ ਫਟਦਾ ਨਹੀਂ ਦਿਸਦਾ ਅਤੇ ਸਮੇਂ ਦੇ ਨਾਲ ਲੇਵੇ ਦਾ ਸੁੰਗੜਣਾ ਵੀ ਦਿਖਾਈ ਦਿੰਦਾ ਹੈ।

ਵਿਆਪਕ ਲਿਗਮੈਂਟਸ ਦਾ ਇਕ ਪਾਸਾ ਬੱਚੇਦਾਨੀ ਦੇ ਉੱਪਰ ਕੱਸ ਕੇ ਖਿਚਿਆ ਹੁੰਦਾ ਹੈ।

ਬੱਚੇਦਾਨੀ ਦੇ ਧੜ ਦੀ ਡਿਗਰੀ ਬੱਚੇਦਾਨੀ ਦੇ ਸਰੀਰ ਤੇ ਮੌਜੂਦ ਮਰੋੜ ਦੀ ਗਿਣਤੀ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਪ੍ਰੀ-ਸਰਵਾਈਕਲ ਵਲੇਵੇਂ ਦੀ ਪਛਾਣ ਸਿਰਫ ਪ੍ਰਤੀ ਗੁੱਦਾ ਪ੍ਰੀਖਿਆ ਦੁਆਰਾ ਹੀ ਕੀਤੀ ਜਾ ਸਕਦੀ ਹੈ।

**ਪ੍ਰਤੀ ਯੋਨੀ ਪ੍ਰੀਖਿਆ** ਯੋਨੀ ਦੀ ਵਾਰ ਵਿੱਚ ਮਰੋੜ ਦੇ ਨਾਲ-ਨਾਲ ਸਰਵਾਈਕਲ ਤਣਾਅ ਨੂੰ ਦਰਸਾਉਂਦਾ ਹੈ। ਜੇ ਪੋਸਟ-ਸਰਵਾਈਕਲ ਵਲੇਵੇਂ 180 ਡਿਗਰੀ ਤੋਂ ਘੱਟ ਹਨ। ਜਦੋਂ ਪੋਸਟ-ਸਰਵਾਈਕਲ ਵਲੇਵੇਂ ਇਕ ਤੋਂ ਵੱਧ ਗੁਣਾਂ (180 ਡਿਗਰੀ) ਤੱਕ ਪਹੁੰਚਦਾ ਹੈ, ਉਦੋ ਸਿਰਫ ਯੋਨੀ ਵਿੱਚ ਮਰੋੜ ਹੁੰਦਾ ਹੈ ਅਤੇ ਬੱਚੇਦਾਨੀ ਪਹੁੰਚਯੋਗ ਨਹੀਂ ਹੁੰਦੀ।

**ਇਲਾਜ** : ਇਲਾਜ ਦੀ ਚੋਣ ਡਾਕਟਰ ਦੇ ਤਜ਼ਰਬੇ, ਵਲੇਵੇਂ ਦੀ ਡਿਗਰੀ ਅਤੇ ਪਸ਼ੂ ਦੀ ਸਥਿਤੀ 'ਤੇ ਨਿਰਭਰ ਕਰਦੀ ਹੈ।

**ਪ੍ਰਤੀ-ਯੋਨੀ ਗਰਭਸਥ ਬੱਚੇ ਨੂੰ ਘੁੰਮਾਉਣਾ** - ਇਹ ਵਲੇਵੇਂ ਦੀ ਡਿਗਰੀ ਅਤੇ ਬੱਚੇਦਾਨੀ ਦੇ ਫੈਲਣ ਦੀ ਮਾਤਰਾ 'ਤੇ ਨਿਰਭਰ ਕਰਦਾ ਹੈ। ਜੇ ਵਲੇਵੇਂ 90 ਡਿਗਰੀ ਤੋਂ ਘੱਟ ਹਨ ਤਾਂ ਬੱਚੇ ਨੂੰ ਆਸਾਨੀ ਨਾਲ ਘੁੰਮਾਇਆ ਜਾ ਸਕਦਾ ਹੈ। ਜੇ ਵਲੇਵੇਂ 90-180 ਡਿਗਰੀ ਦੇ ਵਿੱਚ ਹਨ ਤਾਂ ਬੱਚੇ ਤੱਕ ਪਹੁੰਚ ਨਹੀਂ ਹੋ ਪਾਉਂਦੀ ਅਤੇ ਮਾਂ ਨੂੰ ਪਲਟਣਾ ਹੀ ਇਕ ਵਿਕਲਪ ਰਹਿ ਜਾਂਦਾ ਹੈ।

ਪਸ਼ੂ ਨੂੰ ਪਲਟਣ-ਪਲਟਾਉਂਣ ਦੇ ਸੰਕੇਤ ਉਦੋਂ ਹੁੰਦੇ ਹਨ, ਜਦੋਂ ਸੂਣ ਤੋਂ ਪਹਿਲਾਂ ਵਲੇਵੇਂ ਦੀ ਤੀਬਰਤਾ ਕਾਰਣ ਬੱਚੇ ਤੱਕ ਨਹੀਂ ਪਹੁੰਚਾਇਆ ਜਾ ਸਕਦਾ। ਹਾਲਾਂਕਿ, ਸਫਲਤਾ ਦੀ ਦਰ ਵਧ ਜਾਂਦੀ ਹੈ। ਜਦੋਂ ਫੱਟੇ (12 ਫੁੱਟ ਲੰਬਾ ਅਤੇ 10 ਇੰਚ ਚੌੜਾ) ਦੀ ਵਰਤੋਂ ਉਪਰਲੇ paralunbar fossa ਤੇ ਰੱਖੀ ਜਾਂਦੀ ਹੈ। ਮਾਂ ਨੂੰ ਉਸੇ ਡਿਗਰੀ ਅਤੇ ਦਿਸ਼ਾ ਵੱਲ ਘੁੰਮਾਇਆ ਜਾਂਦਾ ਹੈ, ਜਿਸ ਵਿੱਚ ਗਰਭਸਥ ਬੱਚੇ ਨੂੰ ਫੱਟੇ ਨਾਲ ਪੱਕਾ ਕਰ ਕੇ ਪਸ਼ੂ ਨੂੰ ਘੁੰਮਾਇਆ ਜਾਂਦਾ ਹੈ।

**ਆਪ੍ਰੇਸ਼ਨ ਰਾਹੀਂ** - ਜ਼ਿਆਦਾਤਰ ਬੱਚੇਦਾਨੀ ਦੇ ਵਲੇਵੇਂ ਨੂੰ ਸਰਜਰੀ ਦੀ ਲੋੜ ਨਹੀਂ ਹੁੰਦੀ ਅਤੇ ਆਪ੍ਰੇਸ਼ਨ ਨੂੰ ਕਦੇ ਪਹਿਲ ਨਹੀਂ ਦਿੱਤੀ ਜਾਂਦੀ, ਜਿਸ ਪਸ਼ੂ ਨੂੰ ਬੱਚੇਦਾਨੀ ਦੇ ਵਲੇਵੇਂ ਨੂੰ 72 ਘੰਟਿਆਂ ਤੋਂ ਵਧ ਹੋ ਗਏ ਹੁੰਦੇ ਹਨ, ਉਸ ਨੂੰ ਤਣਾਅ ਤੋਂ ਬਚਾਉਣ ਲਈ ਸਿੱਧੇ ਤੌਰ 'ਤੇ ਆਪ੍ਰੇਸ਼ਨ 'ਤੇ ਪਾ ਦੇਣਾ ਚਾਹੀਦਾ ਹੈ। ਸਰਜਰੀ ਦੌਰਾਨ ਭਰੂਣ ਦਾ ਫੂਲਣਾ ਮਾੜਾ ਹੁੰਦਾ ਹੈ। ਆਪ੍ਰੇਸ਼ਨ ਕਰਦੇ ਸਮੇਂ ਆਪ੍ਰੇਸ਼ਨ ਦੀ ਕੀਮਤ ਅਤੇ ਜਾਨਵਰਾਂ ਦੇ ਜੀਵਨ ਦੀ ਮਹੱਤਤਾ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

**- ਡਾ. ਜੀ ਪੀ ਐੱਸ ਸੇਠੀ, ਡਾ. ਮਲਕੀਤ ਸਿੰਘ**

# ਜੰਨਤ ਦਾ ਰੁੱਖ ਨਾਰੀਅਲ

ਗਰਮੀ ਕਿੰਨੀ ਵੀ ਕਿਉਂ ਨਾ ਹੋਵੇ ਨਾਰੀਅਲ ਪਾਣੀ ਤੁਰੰਤ ਰਿਫ੍ਰੈਸ਼ ਕਰ ਦਿੰਦਾ ਹੈ। ਉਂਝ ਨਾਰੀਅਲ ਦਾ ਫਲ ਅਤੇ ਇਸ ਦੇ ਦਰਖਤ ਦੇ ਲਗਭਗ ਹਰ ਹਿੱਸੇ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਲਈ ਇਸ ਨੂੰ 'ਜੰਨਤ ਦਾ ਰੁੱਖ' ਅਤੇ 'ਜੀਵਨ ਕਾ ਵ੍ਰਿਕਸ਼' ਆਦਿ ਕਹਿੰਦੇ ਹਨ। ਲੱਖਾਂ-ਕਰੋੜਾਂ ਲੋਕਾਂ ਦੀ ਸ਼ਰਧਾ ਅਤੇ ਰੋਜ਼ੀ-ਰੋਟੀ ਨਾਰੀਅਲ ਨਾਲ ਜੁੜੀ ਹੈ। ਦੱਖਣ ਭਾਰਤ 'ਚ ਤਾਂ ਇਸ ਦੇ ਬਿਨਾਂ ਕਿਸੇ ਪਕਵਾਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।

ਨਾਰੀਅਲ ਦੇ ਰੁੱਖ ਦਾ ਹਰ ਹਿੱਸਾ ਕਿਸੇ ਨਾ ਕਿਸੇ ਵਰਤੋਂ 'ਚ ਜ਼ਰੂਰ ਆਉਂਦਾ ਹੈ। ਜਿਵੇਂ ਕਿ ਭੋਜਨ 'ਚ ਵਰਤਣ ਤੋਂ ਇਲਾਵਾ ਨਾਰੀਅਲ ਦੇ ਰੁੱਖ ਦੇ ਵੱਖ-ਵੱਖ ਹਿੱਸਿਆਂ ਦੀ ਵਰਤੋਂ ਦਰੀ, ਫਰਨੀਚਰ, ਰੱਸੀਆਂ, ਚਟਾਈਆਂ, ਚਾਰਕੋਲ ਆਦਿ ਬਣਾਉਣ 'ਚ ਕੀਤੀ ਜਾਂਦੀ ਹੈ। ਨਾਰੀਅਲ ਦੇ ਰੇਸ਼ਿਆਂ ਨਾਲ ਬਣੇ ਕਾਯਰ ਕੰਪੋਜ਼ਿਟਸ ਦੀ ਵਰਤੋਂ ਰੂਫ ਸ਼ੀਟਸ, ਫਰਨੀਚਰ, ਦਰਵਾਜ਼ੇ, ਖਿੜਕੀ ਅਤੇ ਪੈਕਿੰਗ ਬਾਕਸ ਬਣਾਉਣ 'ਚ ਕੀਤਾ ਜਾਂਦਾ ਹੈ।

**ਕੀ ਹੈ ਨਾਰੀਅਲ** ? : ਨਾਰੀਅਲ ਰੇਸ਼ੇਦਾਰ, ਇਕ ਬੀਜ ਵਾਲਾ ਗੁੱਦੇਦਾਰ ਫਲ ਹੈ, ਜਿਸ ਨੂੰ ਸੁੱਕੇ ਗੁੱਦੇਦਾਰ ਫਲ (ਡਰੂਪ) ਦੇ ਰੂਪ 'ਚ ਵੀ ਜਾਣਿਆ ਜਾਂਦਾ ਹੈ। ਹਾਲਾਂਕਿ, ਹਲਕੀਆਂ-ਫੁਲਕੀਆਂ ਪਰਿਭਾਸ਼ਾਵਾਂ ਦਾ ਇਸਤੇਮਾਲ ਕਰਦੇ ਸਮੇਂ, ਨਾਰੀਅਲ ਤਿੰਨ ਰੂਪ 'ਚ ਹੋ ਸਕਦਾ ਹੈ-ਇਕ ਫਲ, ਇਕ ਸੁੱਕਾ ਮੇਵਾ (ਨਟ) ਅਤੇ ਇਕ ਬੀਜ।

ਬਨਸਪਤੀ ਮਾਹਿਰਾਂ ਨੂੰ ਵਰਗੀਕਰਨ ਪਸੰਦ ਹੈ। ਹਾਲਾਂਕਿ ਪੌਦਿਆਂ ਦਾ ਵਰਗੀਕਰਨ ਔਸਤ ਵਿਅਕਤੀ ਲਈ ਇਕ ਜਟਿਲ ਮਾਮਲਾ ਹੋ ਸਕਦਾ ਹੈ। ਨਾਰੀਅਲ ਨੂੰ ਰੇਸ਼ੇਦਾਰ, ਇਕ ਬੀਜ ਜਾਂ ਗਿਟਕ ਵਾਲੇ ਗੁੱਦੇਦਾਰ ਫਲ ਦੇ ਰੂਪ ਦੀ ਤਰ੍ਹਾਂ। ਇਕ ਨਾਰੀਅਲ ਅਤੇ ਸਾਰੇ ਡਰੂਪਸ 'ਚ ਤਿੰਨ ਪਰਤਾਂ ਹੁੰਦੀਆਂ ਹਨ, ਐਕਸੋਕਾਰਪ (ਬਾਹਰੀ ਪਰਤ), ਮੇਸੋਕਾਰਪ (ਗੁੱਦੇਦਾਰ ਦਰਮਿਆਨੀ ਪਰਤ) ਅਤੇ ਐਂਡੋਕਾਰਪ (ਸਖਤ ਲੱਕੜੀ ਦੀ ਪਰਤ, ਜੋ ਬੀਜ ਨੂੰ ਘੇਰਦੀ ਹੈ)।

ਤਾੜ 'ਤੇ ਉੱਗਣ ਵਾਲੇ ਇਕ ਅਛੂਤੇ ਨਾਰੀਅਲ 'ਚ ਤਿੰਨ ਪਰਤਾਂ ਹੁੰਦੀਆਂ ਹਨ। ਬਾਹਰੀ ਪਰਤ, ਜੋ ਆਮਤੌਰ 'ਤੇ ਹਰੇ ਰੰਗ ਦੇ ਨਾਲ ਚਿਕਨੀ ਹੁੰਦੀ ਹੈ, ਐਕਸੋਕਾਰਪ ਅਖਵਾਉਂਦੀ ਹੈ।

ਅਗਲੀ ਪਰਤ ਰੇਸ਼ੇਦਾਰ ਮੇਸੋਕਾਰਪ ਹੈ, ਜੋ ਅੰਤ 'ਚ ਸਖਤ ਲੱਕੜੀ ਦੀ ਪਰਤ ਨੂੰ ਘੇਰਦੀ ਹੈ, ਜਿਸ ਨੂੰ ਐਂਡੋਕਾਰਪ ਨੇ ਬੀਜ ਨੂੰ ਚਾਰੇ ਪਾਸਿਆਂ ਤੋਂ ਘੇਰਿਆ ਹੁੰਦਾ ਹੈ। ਆਮ ਤੌਰ 'ਤੇ ਜਦੋਂ ਤੁਸੀਂ ਦੁਕਾਨ ਤੋਂ ਨਾਰੀਅਲ ਖਰੀਦਦੇ ਹੋ ਤਾਂ ਐਕਸੋਕਾਰਪ ਅਤੇ ਮੇਸੋਕਾਰਪ ਹਟਾ ਦਿੱਤੇ ਜਾਂਦੇ ਹਨ ਅਤੇ ਜੋ ਤੁਸੀਂ ਦੇਖਦੇ ਹੋ ਉਹ ਐਂਡੋਕਾਰਪ ਹੈ। ਕੁਝ ਵਿਗਿਆਨਕ ਨਾਰੀਅਲ ਨੂੰ ਪਾਣੀ ਵਿੱਚ ਵਿਸਰਜਿਤ ਕਰਨ ਵਾਲੇ ਫਲ ਅਤੇ ਬੀਜ ਦੇ ਰੂਪ 'ਚ ਸੰਦਰਭਿਤ ਕਰਨਾ ਪਸੰਦ ਕਰਦੇ ਹਨ।

ਨਾਰੀਅਲ ਭਾਵ ਕੋਕੋਨਟ ਸ਼ਬਦ ਵੀ ਭੁਲੇਖੇ ਵਾਲਾ ਹੋ ਸਕਦਾ ਹੈ ਕਿਉਂਕਿ ਇਸ 'ਚ 'ਨਟ' ਸ਼ਬਦ ਸ਼ਾਮਲ ਹੈ। ਨਟ ਨੂੰ ਬੀਜ ਵਾਲੇ ਇਕ ਫਲ ਦੇ ਰੂਪ 'ਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਉਸ ਹਲਕੀ-ਫੁਲਕੀ ਪਰਿਭਾਸ਼ਾ ਦੇ ਨਾਲ, ਨਾਰੀਅਲ ਵੀ ਇਕ ਨਟ ਜਾਂ ਸੁੱਕਾ ਮੇਵਾ ਹੋ ਸਕਦਾ ਹੈ। ਹਾਲਾਂਕਿ ਨਾਰੀਅਲ ਇਕ ਸੱਚਾ ਨਟ ਨਹੀਂ ਹੈ। ਇਕ ਸੱਚਾ ਨਟ, ਜਿਵੇਂ ਕਿ ਬਲੂਤ ਦਾ ਫਲ, ਅਸਫੁਟਸ਼ੀਲ ਹੁੰਦਾ ਹੈ ਜਾਂ ਪੱਕਣ 'ਤੇ ਆਪਣੇ ਬੀਜ ਨੂੰ ਛੱਡਣ ਲਈ ਖੁੱਲਦਾ ਨਹੀਂ ਹੈ। ਬੀਜ ਉਦੋਂ ਨਿਕਲਦੇ ਹਨ ਜਦੋਂ ਫੁੱਲਾਂ ਦੀ ਦੀਵਾਰ ਸੜ ਜਾਂਦੀ ਹੈ ਜਾਂ ਕਿਸੇ ਜਾਨਵਰ ਵਲੋਂ ਪਚਾ ਲਈ ਜਾਂਦੀ ਹੈ।

**ਕਿੱਥੇ ਹੋਈ ਇਸ ਦੀ ਉਤਪਤੀ** : ਨਾਰੀਅਲ ਦਾ ਇਕ ਹੋਰ ਦਿਲਚਸਪ ਪਹਿਲੂ ਜੋ ਕਿ 200 ਤੋਂ ਜ਼ਿਆਦਾ ਸਾਲਾਂ ਤੋਂ ਵਿਗਿਆਨਕਾਂ ਨੂੰ ਹੈਰਾਨ ਕਰਦਾ ਆਇਆ ਹੈ, ਉਹ ਇਹ ਕਿ ਇਸ ਦੀ ਉਤਪਤੀ ਕਿਥੇ ਹੋਈ ? ਇਸ ਦੀ ਉਤਪਤੀ ਪੁਰਾਣੀ ਦੁਨੀਆਂ ਦੀ ਹੈ ਜਾਂ ਨਵੀਂ ਦੁਨੀਆਂ ਦੀ ? 20ਵੀਂ ਸ਼ਤਾਬਦੀ ਦੇ ਸ਼ੁਰੂ ਦੇ ਪ੍ਰਸਿੱਧ ਤਾੜ ਮਾਹਰ ਓਡੋਆਰਡੋ ਬੇਕਾਰੀ ਦੱਸਦੇ ਹਨ ਕਿ ਨਾਰੀਅਲ ਦੀ ਪੈਦਾਵਾਰ ਪੁਰਾਣੀ ਦੁਨੀਆਂ ਦੀ ਹੈ ਅਤੇ ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਇਹ ਭਾਰਤੀ ਟਾਪੂ ਜਾਂ ਪੋਲੀਨੇਸੀਆ ਤੋਂ ਆਇਆ ਹੈ। ਉਨ੍ਹਾਂ ਦੇ ਤਰਕ ਨੂੰ ਮਜ਼ਬੂਤੀ ਦੇਣ ਲਈ, ਅਮਰੀਕਾ ਦੀ ਤੁਲਨਾ 'ਚ ਪੂਰਬੀ ਗੋਲਾਰਧ 'ਚ ਨਾਰੀਅਲ ਦੇ ਤਾੜ ਦੀ ਜ਼ਿਆਦਾ ਕਿਸਮਾਂ ਹਨ। ਹਾਲਾਂਕਿ ਕੁਝ ਵਿਗਿਆਨਿਕਾਂ (ਓ. ਐਫ. ਕੁੱਕ, ਐਚ. ਬੀ., ਕੇ. ਐੱਫ. ਪੀ. ਵਾਰਨ ਮਾਰਟਿਅਸ) ਦਾ ਤਰਕ ਹੈ ਕਿ ਨਾਰੀਅਲ ਦਾ ਮੂਲ ਨਵੀਂ ਦੁਨੀਆਂ ਹੈ।

**ਨਾਰੀਅਲ ਤੋੜਣ ਦੀ ਪ੍ਰੰਪਰਾ** : ਭਾਰਤ ਅਤੇ ਕਈ ਹੋਰ ਦੇਸ਼ਾਂ 'ਚ ਵੀ ਨਾਰੀਅਲ ਦੇ ਫਲ ਨੂੰ ਬਹੁਤ ਸ਼ੁੱਭ ਮੰਨਿਆ ਜਾਂਦਾ ਹੈ। ਕਿਸੇ ਵੀ ਸ਼ੁੱਭ ਕੰਮ ਦੀ ਸ਼ੁਰੂਆਤ ਕਰਦੇ ਸਮੇਂ ਨਾਰੀਅਲ ਤੋੜਣ ਦੀ ਪ੍ਰੰਪਰਾ ਹੈ। ਨਾਰੀਅਲ ਦਾ ਉੱਪਰਲਾ ਹਿੱਸਾ ਕਾਫੀ ਸਖਤ ਹੁੰਦਾ ਹੈ ਜੋ ਸਾਡੇ ਹੰਕਾਰ ਦਾ ਪ੍ਰਤੀਕ ਹੈ। ਜਦੋਂ ਕਿ ਅੰਦਰੂਨੀ ਹਿੱਸਾ ਨਰਮ ਅਤੇ ਪਵਿੱਤਰਤਾ ਦਾ ਪ੍ਰਤੀਕ ਹੈ। ਇਸੇ ਕਾਰਨ ਨਾਰੀਅਲ ਤੋੜਣ ਦੀ ਪ੍ਰੰਪਰਾ ਇਸ ਗੱਲ ਦਾ ਸੰਕੇਤ ਹੈ ਕਿ ਅਜਿਹਾ ਕਰਕੇ ਇਕ ਇਨਸਾਨ ਆਪਣਾ ਹੰਕਾਰ ਤਿਆਗ ਕਰ ਕੇ ਸਭ ਕੁੱਝ ਈਸ਼ਵਰ ਨੂੰ ਸੌਂਪ ਦਿੰਦਾ ਹੈ।

**ਸਿਹਤ ਵਧਾਊ** :

★ ਜ਼ਿਆਦਾਤਰ ਦੱਖਣੀ ਭਾਰਤੀ ਪਕਵਾਨਾਂ 'ਚ ਨਾਰੀਅਲ ਤੇਲ ਦੀ ਵਰਤੋਂ ਹੁੰਦੀ ਹੈ। ਫੈਟੀ ਐਸਿਡ ਘੱਟ ਹੋਣ ਨਾਲ ਨਾਰੀਅਲ ਤੇਲ 'ਚ ਪੱਕਿਆ ਖਾਣਾ ਆਸਾਨੀ ਨਾਲ ਪਚ ਜਾਂਦਾ ਹੈ।

★ ਨਾਰੀਅਲ ਇਕ ਬਹੁਤ ਉਪਯੋਗੀ ਖੁਰਾਕ ਹੈ। ਜਿਸ ਦੀ ਗਿਰੀ ਨਾਲ ਬਰਫੀ, ਲੱਡੂ, ਕੇਕ ਸਮੇਤ ਕਈਂ ਮਠਿਆਈਆਂ ਅਤੇ ਜ਼ਾਇਕੇਦਾਰ ਚਟਣੀ ਵੀ ਬਣਦੀ ਹੈ।

★ ਨਾਰੀਅਲ ਪਾਣੀ 'ਚ ਸ਼ੂਗਰ, ਫਾਈਬਰ, ਪ੍ਰੋਟੀਨ ਐਂਟੀਆਕਸੀਡੈਂਟਸ ਅਤੇ ਵਿਟਾਮਿਨਸ ਦੀ ਭਰਪੂਰ ਮਾਤਰਾ ਹੁੰਦੀ ਹੈ ਜੋ ਪਿਆਸ ਬੁਝਾਉਣ ਤੋਂ ਇਲਾਵਾ ਥਕਾਵਟ ਵੀ ਮਿਟਾਉਂਦੀ ਹੈ।

★ 48.5 ਫੀਸਦੀ ਲਾਰਿਕ ਐਸਿਡ ਦੀ ਵਜ੍ਹਾ ਨਾਲ ਨਾਰੀਅਲ ਪਾਣੀ ਨੂੰ ਮਾਂ ਦੇ ਦੁੱਧ ਦੇ ਬਰਾਬਰ ਪੌਸ਼ਟਿਕ ਮੰਨਿਆ ਜਾਂਦਾ ਹੈ।

★ ਇਸ ਦਾ ਤੇਲ ਸਰੀਰ 'ਚ ਰੋਗ ਰੋਕੂ ਸਮਰੱਥਾ ਪੈਦਾ ਕਰਨ 'ਚ ਮਦਦਗਾਰ ਸਾਬਿਤ ਹੋ ਸਕਦਾ ਹੈ। ਇਸ ਤੋਂ ਇਲਾਵਾ ਇਹ ਵਾਇਰਲ, ਫੰਗਲ, ਬੈਕਟੀਰੀਅਲ ਇਨਫੈਕਸ਼ਨ ਰੋਕਣ 'ਚ ਵੀ ਕਾਰਗਰ ਹੈ। ਪੱਥਰੀ, ਬਲੱਡ ਪ੍ਰੈਸ਼ਰ, ਸ਼ੂਗਰ, ਯਾਦਦਾਸ਼ਤ ਕਮਜ਼ੋਰ ਹੋਣ, ਸਿਰ ਦਰਦ, ਪੇਟ 'ਚ ਕੀੜੇ ਵਰਗੀਆਂ ਦਿੱਕਤਾਂ ਲਈ ਵੀ ਨਾਰੀਅਲ ਪਾਣੀ ਰਾਮਬਾਣ ਹੈ।

★ ਸਲਫਰ ਡਾਈਆਕਸਾਈਡ ਅਤੇ ਕਾਰਬਨ ਡਾਈਆਕਸਾਈਡ ਵਰਗੀਆਂ ਭਾਰੀ ਗੈਸਾਂ ਨੂੰ ਸੋਖ ਕੇ ਨਾਰੀਅਲ ਦਾ ਰੇਸ਼ਾ ਕਮਰੇ ਦੀ ਹਵਾ ਨੂੰ ਸ਼ੁੱਧ ਰੱਖਦਾ ਹੈ। ਇਸ ਦੇ ਰੇਸ਼ੇ ਜਲਾਉਣ 'ਤੇ ਮੱਛਰ ਭਜਾਉਣ ਦਾ ਕੰਮ ਵੀ ਕਰਦੇ ਹਨ।

**ਨਾਰੀਅਲ ਬਾਰੇ ਦਿਲਚਸਪ ਤੱਥ**

★ ਨਾਰੀਅਲ ਦਾ ਹਰ ਹਿੱਸਾ ਜਾਂ ਟੁਕੜੇ ਦੀ ਵਰਤੋਂ ਕੀਤੀ ਜਾਂਦੀ ਹੈ। ਨਤੀਜਨ ਨਾਰੀਅਲ ਨੂੰ 'ਜੀਵਨ ਦਾ ਰੁੱਖ' ਕਿਹਾ ਜਾਂਦਾ ਹੈ ਅਤੇ ਇਹ ਡ੍ਰਿੰਕ, ਫਾਈਬਰ ਭਾਵ ਰੇਸ਼ੇ, ਭੋਜਨ, ਈਂਧਨ, ਸਾਜ ਅਤੇ ਹੋਰ ਬਹੁਤ ਕੁਝ ਪੈਦਾ ਕਰ ਸਕਦਾ ਹੈ।

★ ਜਦੋਂ ਇੰਟ੍ਰਾ-ਵੇਨਸ (ਆਈ. ਵੀ) ਘੋਲ ਅਤੇ ਸਾਲਿਊਸ਼ਨ ਦੀ ਸਪਲਾਈ ਘੱਟ ਸੀ, ਦੂਜੇ ਵਿਸ਼ਵ ਜੰਗ ਦੌਰਾਨ ਡਾਕਟਰਾਂ ਅਤੇ ਵੀਅਤਨਾਮ ਨੇ ਆਈ. ਵੀ. ਘੋਲਾਂ ਦੇ ਬਦਲ ਦੇ ਤੌਰ 'ਤੇ ਨਾਰੀਅਲ ਪਾਣੀ ਦੀ ਵਰਤੋਂ ਕੀਤੀ ਸੀ।

★ ਬਨਸਪਤੀ ਰੂਪ 'ਚ ਨਾਰੀਅਲ ਦਾ ਤਾੜ ਇਕ ਰੁੱਖ ਨਹੀਂ ਹੈ ਕਿਉਂਕਿ ਇਸ ਦੀ ਕੋਈ ਛਿੱਲ, ਕੋਈ ਟਾਹਣੀ ਜਾਂ ਵਿਕਾਸ ਨਹੀਂ ਹੈ। ਨਾਰੀਅਲ ਦਾ ਤਾੜ ਲੱਕੜੀ ਦਾ ਇਕ ਬਾਰਾਂਮਾਸੀ ਬੀਜ (ਮੋਨੋਕੋਟਾਈਲਡਾਨ) ਹੈ ਜਿਸ ਵਿੱਚ ਤਣਾ ਹੀ ਜੜ ਹੁੰਦਾ ਹੈ।

★ ਇਸ ਦਾ ਸ਼ਾਇਦ ਸਭ ਤੋਂ ਪੁਰਾਣਾ ਸੰਦਰਭ 5ਵੀਂ ਸ਼ਤਾਬਦੀ ਦੇ ਮਿਸਤਰੀ ਯਾਤਰੀ ਕੋਸਮਾਸ ਵਲੋਂ ਮਿਲਦਾ ਹੈ। ਉਨ੍ਹਾਂ ਨੇ ਭਾਰਤ ਅਤੇ ਸੀਲੋਨ (ਸ਼੍ਰੀਲੰਕਾ) ਦਾ ਦੌਰਾ ਕਰਨ ਤੋਂ ਬਾਅਦ 'ਭਾਰਤੀ ਨਟ' ਜਾਂ 'ਭਾਰਤ ਦੇ ਨਟ' ਬਾਰੇ 'ਚ ਲਿਖਿਆ। ਕੁੱਝ ਵਿਦਵਾਨਾਂ ਦਾ ਮੰਨਣਾ ਹੈ ਕਿ ਕੋਸਮਾਸ ਨਾਰੀਅਲ ਦਾ ਵਰਨਣ ਕਰ ਰਿਹਾ ਹੈ।

★ ਇਕ ਅਰਬੀ ਵਪਾਰੀ ਸੋਲੀਮੈਨ ਨੇ 9ਵੀਂ ਸ਼ਤਾਬਦੀ 'ਚ ਚੀਨ ਦਾ ਦੌਰਾ ਕੀਤਾ ਅਤੇ ਨਾਰੀਅਲ ਨਾਲ ਬਣੇ ਕਾਇਰ ਫਾਈਬਰ ਅਤੇ ਤਾੜੀ ਦੀ ਵਰਤੋਂ ਦਾ ਵਰਣਨ ਕੀਤਾ।

★ 16ਵੀ ਸ਼ਤਾਬਦੀ 'ਚ, ਸਰ ਫ੍ਰਾਂਸਿਸ ਡ੍ਰੇਕ ਨੇ ਨਾਰੀਅਲ 'ਨਰਗਿਲਸ' ਕਿਹਾ ਜੋ ਕਿ 1700 ਦੇ ਦਹਾਕੇ 'ਚ ਕੋਕੋਨਟ (ਨਾਰੀਅਲ) ਪਰਿਭਾਸ਼ਾ ਸਥਾਪਿਤ ਹੋਣ ਤਕਸਧਾਰਨ ਵਰਤੋਂ ਕੀਤੇ ਜਾਣ ਵਾਲਾ ਸ਼ਬਦ ਸੀ।

★ ਨਾਰੀਅਲ ਨੂੰ ਪੱਕਣ ਲਈ 11-12 ਮਹੀਨੇ ਲੱਗਦੇ ਹਨ।

★ ਇਕ ਸਮੇਂ 'ਚ ਵਿਗਿਆਨਿਕਾਂ ਨੇ ਕੋਕੋਸ ਤਾੜ ਦੀਆਂ 60 ਤੋਂ ਵੱਧ ਕਿਸਮਾਂ ਦੀ ਪਛਾਣ ਕੀਤੀ ਸੀ। ਅੱਜ ਨਾਰੀਅਲ ਦੀ ਇਕ ਹੀ ਕਿਸਮ ਨਿਊਸਿਫੇਰਾ ਹੈ। ਹਾਲਾਂਕਿ ਨਾਰੀਅਲ ਤਾੜ ਦੀਆਂ 80 ਤੋਂ ਜ਼ਿਆਦਾ ਕਿਸਮਾਂ ਹਨ ਜੋ ਕਿ ਬੌਣੇ ਅਤੇ ਲੰਬੇ ਵਰਗੀਆਂ ਵਿਸ਼ੇਸ਼ਤਾਵਾਂ ਨਾਲ ਪਰਿਭਾਸ਼ਿਤ ਹੁੰਦੀ ਹੈ।




# ਬਰਸਾਤ ਵਿੱਚ ਵੀ ਸਬਜ਼ੀਆਂ ਬੀਜੋ

- ਡਾ. ਰਣਜੀਤ ਸਿੰਘ

ਸਾਡੇ ਦੇਸ਼ ਦੀ ਘਟੋ ਘਟ ਅੱਧੀ ਵਸੋਂ ਨੂੰ ਸੰਤੁਲਿਤ ਭੋਜਨ ਨਸੀਬ ਨਹੀਂ ਹੈ । ਮਨੁੱਖੀ ਸੰਤੁਲਿਤ ਖੁਰਾਕ ਲਈ ਭੋਜਨ ਨਾਲ ਸਬਜ਼ੀਆਂ ਦੀ ਵਰਤੋਂ ਜ਼ਰੂਰੀ ਹੈ । ਪਰ ਸਬਜ਼ੀਆਂ ਤੋਂ ਪੂਰੇ ਖੁਰਾਕੀ ਤੱਤ ਉਦੋਂ ਹੀ ਪ੍ਰਾਪਤ ਹੋ ਸਕਦੇ ਹਨ ਜਦੋਂ ਇਹ ਤਾਜ਼ੀਆਂ ਅਤੇ ਜ਼ਹਿਰਾਂ ਤੋਂ ਮੁਕਤ ਹੋਣਗੀਆਂ । ਅਜਿਹੇ ਘਰ ਦੀਆਂ ਤਿਆਰ ਕੀਤੀਆਂ ਸਬਜ਼ੀਆਂ ਹੀ ਹੋ ਸਕਦੀਆਂ ਹਨ । ਲਗਭਗ ਸਾਰੇ ਕਿਸਾਨ ਆਪਣੇ ਖੂਹ ਦੇ ਲਾਗੇ ਘੱਟੋ ਘੱਟ ਇਕ ਕਨਾਲ ਥਾਂ ਸਬਜ਼ੀਆਂ ਦੀ ਕਾਸ਼ਤ ਲਈ ਰੱਖਦੇ ਹਨ । ਸਰਦੀਆਂ ਵਿੱਚ ਆਮ ਕਰਕੇ ਮੂਲੀ, ਸ਼ਲਗਮ, ਗਾਜਰਾਂ ਤੇ ਲਸਣ ਦੀ ਬਿਜਾਈ ਕੀਤੀ ਜਾਂਦੀ ਸੀ । ਇਸ ਦੇ ਨਾਲ ਹੀ ਸੌਂਫ਼, ਸੋਏ, ਅਜਵਾਇਨ ਆਦਿ ਦੀ ਕਾਸ਼ਤ ਕੀਤੀ ਜਾਂਦੀ ਸੀ । ਮੂਲੀਆਂ ਤਾਂ ਬਰਸੀਮ ਦੀਆਂ ਵਟਾਂ ਉੱਤੇ ਹੀ ਬੀਜ ਦਿੱਤੀਆਂ ਜਾਂਦੀਆਂ ਸਨ । ਹਲਟ ਨਾਲ ਸਿੰਚਾਈ ਹੋਣ ਕਰਕੇ ਕਿਆਰੇ ਛੋਟੇ ਬਣਾਏ ਜਾਂਦੇ ਸਨ । ਗਰਮੀਆਂ ਵਿੱਚ ਕੱਦੂ ਜਾਤੀ ਦੀਆਂ ਸਬਜ਼ੀਆਂ, ਭਿੰਡੀ, ਬੈਂਗਣ, ਟਮਾਟਰ ਤੇ ਮਿਰਚਾਂ ਲਗਾਈਆਂ ਜਾਂਦੀਆਂ ਸਨ । ਰਾਮ ਤੋਰੀਆਂ ਤਾਂ ਰੁੱਖਾਂ ਉੱਤੇ ਚੜ੍ਹ ਜਾਂਦੀਆਂ ਸਨ ਤੇ ਕਈ ਮਹੀਨੇ ਸਬਜ਼ੀ ਦਿੰਦੀਆਂ ਸਨ । ਖਰਬੂਜਾ ਤੇ ਤਰਬੂਜ ਵੀ ਆਪਣੇ ਖੇਤ ਦੇ ਹੀ ਖਾਧੇ ਜਾਂਦੇ ਸਨ । ਆਪਣੇ ਫਾਰਮ ਉੱਤੇ ਤਿਆਰ ਤਾਜ਼ੀਆਂ ਸਬਜ਼ੀਆਂ ਦਾ ਸੁਆਦ ਹੀ ਵੱਖਰਾ ਹੁੰਦਾ ਹੈ । ਇਹ ਸੁਆਦ ਵੀ ਬਣਦੀਆਂ ਹਨ ਤੇ ਖੁਰਾਕੀ ਤੱਤ ਵੀ ਪੂਰੇ ਪ੍ਰਦਾਨ ਕਰਦੀਆਂ ਹਨ ।

ਜੂਨ ਵਿੱਚ ਬਰਸਾਤੀ ਸਬਜ਼ੀਆਂ ਦੀ ਬਿਜਾਈ ਕੀਤੀ ਜਾ ਸਕਦੀ ਹੈ । ਹਲਵਾ ਕੱਦੂ ਸਬਜ਼ੀ ਲਈ ਤੇ ਹਲਵਾ ਬਣਾਉਣ ਲਈ ਵਰਤਿਆ ਜਾਂਦਾ ਹੈ । ਇਸ ਦੀ ਬਿਜਾਈ ਹੁਣ ਕੀਤੀ ਜਾ ਸਕਦੀ ਹੈ । ਇਸ ਮੌਸਮ ਲਈ ਪੰਜਾਬ ਨਵਾਬ ਕਿਸਮ ਦੀ ਸਿਫ਼ਾਰਸ਼ ਕੀਤੀ ਗਈ ਹੈ । ਇੱਕ ਏਕੜ ਵਿੱਚੋਂ 137 ਕੁਇੰਟਲ ਕੱਦੂ ਪ੍ਰਾਪਤ ਹੋ ਜਾਂਦੇ



ਹਨ । ਇਸ ਦੀਆਂ ਦੋਗਲੀਆਂ ਕਿਸਮਾਂ ਪੀ ਪੀ ਐਚ-1 ਅਤੇ ਪੀ ਪੀ ਐਮ-2 ਹਨ ਜਿਨ੍ਹਾਂ ਤੋਂ 200 ਕੁਇੰਟਲ ਤੋਂ ਵਧ ਝਾੜ ਪ੍ਰਾਪਤ ਹੋ ਜਾਂਦਾ ਹੈ । ਇਕ ਏਕੜ ਲਈ ਡੇਢ ਕਿਲੋ ਬੀਜ ਦੀ ਲੋੜ ਪੈਂਦੀ ਹੈ । ਬਿਜਾਈ ਲਈ ਦੋ ਮੀਟਰ ਚੌੜੀਆਂ ਪਟੜੀਆਂ ਬਣਾਵੋ । ਦੋਵਾਂ ਪਾਸੇ ਖੇਲਾਂ ਵਿੱਚ 60 ਸੈਂਟੀਮੀਟਰ ਦਾ ਫਾਸਲੇ ਤੇ ਬੀਜ ਬੀਜੋ । ਇਕ ਥਾਂ ਦੋ ਬੀਜ ਬੀਜਣੇ ਚਾਹੀਦੇ ਹਨ । ਘੀਆ ਕੱਦੂ ਇਕ ਹੋਰ ਸਬਜ਼ੀ ਹੈ ਜਿਸ ਦੀ ਬਿਜਾਈ ਹੁਣ ਕੀਤੀ ਜਾ ਸਕਦੀ ਹੈ । ਪੰਜਾਬ ਬਹਾਰ, ਪੰਜਾਬ ਬਰਕਤ, ਪੰਜਾਬ ਲੌਂਗ ਤੇ ਪੰਜਾਬ ਕੋਮਲ ਸਿਫ਼ਾਰਸ਼ ਕੀਤੀਆਂ ਗਈਆਂ ਕਿਸਮਾਂ ਹਨ । ਇਕ ਏਕੜ ਲਈ ਦੋ ਕਿਲੋ ਬੀਜ ਚਾਹੀਦਾ ਹੈ । ਬਿਜਾਈ ਦੋ ਮੀਟਰ ਚੌੜੀਆਂ ਪਟਰੀਆਂ ਬਣਾ ਕੇ ਦੋਵੇਂ ਪਾਸੇ ਕਰੋ । ਕਰੇਲਾ ਬਹੁਤ ਗੁਣਾਂ ਭਰਪੂਰ ਸਬਜ਼ੀ ਹੈ । ਪੰਜਾਬ ਕਲੇਲਾ-15, ਪੰਜਾਬ ਝਾੜ ਕਰੇਲਾ-1 ਤੇ ਪੰਜਾਬ ਕਰੇਲੀ-1 ਉੱਨਤ ਕਿਸਮਾਂ ਹਨ । ਪੰਜਾਬ ਕਰੇਲੀ-1 ਕਿਸਮ ਤੋਂ 70 ਕੁਇੰਟਲ ਪ੍ਰਤੀ ਏਕੜ ਕਰੇਲੇ ਪ੍ਰਾਪਤ ਹੋ ਜਾਂਦੇ ਹਨ । ਇਕ ਏਕੜ ਲਈ ਦੋ ਕਿਲੋ ਬੀਜ ਬੀਜਣਾ ਚਾਹੀਦਾ ਹੈ । ਇਸ ਦੀ ਬਿਜਾਈ ਲਈ 1.5 ਮੀਟਰ ਚੌੜੀਆਂ ਪਟਰੀਆਂ ਦੀ ਲੋੜ ਹੈ । ਕਰੇਲੇ ਦੀਆਂ ਵੇਲਾਂ ਨੂੰ ਵਾੜਾਂ ਉਤੇ ਜਾਂ ਤਾਰਾਂ ਬੰਨ੍ਹ ਕੇ ਚੜ੍ਹਾਇਆ ਜਾ ਸਕਦਾ ਹੈ । ਕਾਲੀ ਤੋਰੀ ਦੀ ਬਿਜਾਈ ਵੀ ਹੁਣ ਹੋ ਸਕਦੀ ਹੈ । ਇਸ ਦੀ ਵੇਲਾਂ, ਵਾੜਾ, ਕੁੱਪ, ਰੁੱਖਾਂ ਆਦਿ ਉੱਤੇ ਚੜ੍ਹ ਜਾਂਦੀਆਂ ਹਨ । ਪੰਜਾਬ ਨਿਖਾਰ ਸਿਫ਼ਾਰਸ਼ ਕੀਤੀ ਕਿਸਮ ਹੈ । ਇਕ ਏਕੜ ਵਿੱਚੋਂ 80 ਕੁਇੰਟਲ ਤੋਂ ਵੱਧ ਤੋਰੀਆਂ ਪ੍ਰਾਪਤ ਹੋ ਜਾਂਦੀਆਂ ਹਨ । ਇਕ ਏਕੜ ਲਈ ਦੋ ਕਿਲੋ ਬੀਜ ਚਾਹੀਦਾ ਹੈ । ਪੇਠੇ ਦੀ ਬਿਜਾਈ ਵੀ ਹੁਣ ਹੋ ਸਕਦੀ ਹੈ । ਪੀ ਏ ਜੀ-3 ਉੱਨਤ ਕਿਸਮ ਹੈ । ਇਕ ਏਕੜ ਲਈ ਦੋ ਕਿਲੋ ਬੀਜ ਵਰਤੋਂ । ਪੇਠੇ ਲਈ ਤਿੰਨ ਮੀਟਰ ਦੀ ਦੂਰੀਆਂ ਤੇ ਖੇਲਾਂ ਬਣਾ ਕੇ ਇਕ ਥਾਂ ਦੋ ਬੀਜ ਬੀਜੋ । ਪੇਠਾ ਮਠਿਆਈ ਬਣਾਉਣ ਲਈ ਵਰਤਿਆ ਜਾਂਦਾ ਹੈ । ਟੀਂਡਾ ਇਕ ਹੋਰ ਗਰਮੀਆਂ ਦੀ ਮੁੱਖ ਸਬਜ਼ੀ ਹੈ । ਇਸ ਦੀ ਬਿਜਾਈ ਵੀ ਹੁਣ ਹੋ ਸਕਦੀ ਹੈ । ਪੰਜਾਬ ਟੀਂਡਾ-1, ਟੀਂਡਾ 48 ਉੱਨਤ ਕਿਸਮਾਂ ਹਨ । ਪੰਜਾਬ ਟੀਂਡਾ-1 ਕਿਸਮ ਤੋਂ 70 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਝਾੜ ਸਬਜ਼ੀ ਪ੍ਰਾਪਤ ਹੋ ਜਾਂਦੀ ਹੈ । ਟੀਂਡੇ ਲਈ ਪਟੜੀਆਂ ਦੀ ਚੌੜਾਈ ਡੇਢ ਮੀਟਰ ਰੱਖੋ ਤੇ ਡੇਢ ਕਿਲੋ ਬੀਜ ਪ੍ਰਤੀ ਏਕੜ ਵਰਤੋਂ । ਭਿੰਡੀ ਦੀ ਬਿਜਾਈ ਵੀ ਹੁਣ ਕੀਤੀ ਜਾ ਸਕਦੀ ਹੈ । ਪੰਜਾਬ ਸੁਹਾਵਨੀ, ਪੰਜਾਬ-8 ਤੇ ਪੰਜਾਬ-7 ਅਤੇ ਪੀ ਆਰ ਓ ਐਲ-1 ਉੱਨਤ ਕਿਸਮਾਂ ਹਨ । ਇਕ ਏਕੜ ਵਿੱਚੋਂ 50 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਭਿੰਡੀ ਪ੍ਰਾਪਤ ਹੋ ਜਾਂਦੀ ਹੈ । ਇਸ ਮੌਸਮ ਦੀ ਬਿਜਾਈ ਲਈ ਪੰਜ ਕਿਲੋ ਬੀਜ ਪ੍ਰਤੀ ਏਕੜ ਵਰਤੋਂ । ਬੀਜਣ ਤੋਂ ਪਹਿਲਾਂ ਬੀਜ ਨੂੰ 24 ਘੰਟੇ ਪਾਣੀ ਵਿੱਚ ਭਿਓਂ ਕੇ ਰੱਖੋ । ਲੋਬੀਆਂ ਦੀਆਂ ਹਰੀਆਂ ਫ਼ਲੀਆਂ ਸਬਜ਼ੀ ਲਈ ਵਰਤੀਆਂ ਜਾਂਦੀਆਂ ਹਨ । ਕਾਉਪੀਜ਼ 263 ਸਿਫ਼ਾਰਸ਼ ਕੀਤੀ ਕਿਸਮ ਹੈ । ਇਕ ਏਕੜ ਵਿੱਚੋਂ ਕੋਈ 35 ਕੁਇੰਟਲ ਹਰੀਆਂ ਫ਼ਲੀਆਂ ਪ੍ਰਾਪਤ ਹੋ ਜਾਂਦੀਆਂ ਹਨ । ਇਕ ਏਕੜ ਦੀ ਬਿਜਾਈ ਲਈ 10 ਕਿਲੋ ਬੀਜ ਪਾਵੋ । ਬੀਜਣ ਸਮੇਂ ਲਾਈਨਾਂ ਵਿਚਕਾਰ 45 ਤੇ ਬੂਟਿਆਂ ਵਿਚਕਾਰ 15 ਸੈਂਟੀਮੀਟਰ ਦਾ ਫ਼ਾਸਲਾ ਰੱਖੋ । ਇਸ ਵਾਰ ਬੰਬੀ ਦੇ ਲਾਗੇ ਕੁਝ ਰਕਬੇ ਵਿੱਚ ਸਬਜ਼ੀ ਜ਼ਰੂਰ ਬੀਜੋ ਤੇ ਤਾਜ਼ੀ ਸਬਜ਼ੀ ਦਾ ਅਨੰਦ ਮਾਣੋ । ਬਗੀਚੀ ਲਈ ਬੀਜਾਂ ਦੀਆਂ ਕਿੱਟਾਂ ਪੀ ਏ ਯੂ ਜਾਂ ਬਾਗਬਾਨੀ ਵਿਭਾਗ ਤੋਂ ਪ੍ਰਾਪਤ ਹੋ ਸਕਦੀਆਂ ਹਨ ।

ਬਰਸਾਤ ਵਿੱਚ ਸਬਜ਼ੀਆਂ ਦੀ ਬਿਜਾਈ ਉੱਚੀਆਂ ਥਾਵਾਂ ਤੇ ਕਰੋ ਜਿਥੇ ਬਰਸਾਤ ਦਾ ਪਾਣੀ ਖੜ੍ਹਾ ਨਾ ਹੋਵੇ । ਖੇਤ ਤਿਆਰ ਕਰਦੇ ਸਮੇਂ ਘੱਟੋ ਘੱਟ 10 ਟਨ ਰੂੜੀ ਦੀ ਖਾਦ ਪਾਵੋ । ਰਸਾਇਣਿਕ ਖਾਦਾਂ ਦੀ ਵਰਤੋਂ ਲੋੜ ਅਨੁਸਾਰ ਕਰੋ । ਉਮੀਦ ਹੈ ਤੁਸੀਂ ਕੁਝ ਰਕਬੇ ਵਿਚ ਸਬਜ਼ੀਆਂ ਦੀ ਬਿਜਾਈ ਕਰੋਗੇ ਅਤੇ ਤਾਜ਼ੀਆਂ ਸਬਜ਼ੀਆਂ ਦਾ ਆਨੰਦ ਮਾਣੋਗੇ ।



# ਸਾਉਣੀ ਰੁੱਤ ਦੀ ਮੂੰਗੀ ਅਤੇ ਮਾਂਹ ਤੋਂ ਵਧੇਰੇ ਝਾੜ ਲਓ

ਹਰਪ੍ਰੀਤ ਕੌਰ ਵਿਰਕ, ਵਜਿੰਦਰ ਪਾਲ ਕਾਲੜਾ ਅਤੇ ਪਾਰੁਲ ਸ਼ਰਮਾ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 81460-80300)

ਸਾਉਣੀ ਰੁੱਤ ਦੀ ਮੂੰਗੀ ਅਤੇ ਮਾਂਹ ਦਾ ਵਧੀਆ ਝਾੜ ਲੈਣ ਲਈ ਕਿਸਮਾਂ ਅਤੇ ਉਤਪਾਦਨ ਤਕਨੀਕਾਂ ਹੇਠਾਂ ਦਿੱਤੀਆਂ ਗਈਆਂ ਹਨ । (ਸਾਰਣੀ-1)

**ਸਾਰਣੀ-1 : ਮੂੰਗੀ ਅਤੇ ਮਾਂਹ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਅਤੇ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ**

| ਕਿਸਮ | ਔਸਤ ਝਾੜ (ਕੁਇੰ./ ਏਕੜ) | ਵਿਸ਼ੇਸ਼ਤਾਵਾਂ |
|---|---|---|
| **ਮੂੰਗੀ** | | |
| ਐਮ ਐਲ 1808 | 4.8 | ਇਹ ਕਿਸਮ ਪੀਲੀ ਚਿਤਕਬਰੀ ਅਤੇ ਪੱਤਿਆਂ ਦੇ ਧੱਬਿਆਂ ਦੇ ਰੋਗਾਂ ਦਾ ਟਾਕਰਾ ਕਰਨ ਦੀ ਸਮੱਰਥਾ ਰੱਖਦੀ ਹੈ । ਇਹ ਕਿਸਮ ਤਕਰੀਬਨ 71 ਦਿਨਾਂ ਵਿੱਚ ਪੱਕ ਜਾਂਦੀ ਹੈ । ਇਸ ਦੇ ਦਾਣੇ ਦਰਮਿਆਨੇ ਮੋਟੇ ਅਤੇ ਹਰੇ ਚਮਕੀਲੇ ਹੁੰਦੇ ਹਨ ਅਤੇ ਦਾਲ ਸੁਆਦ ਬਣਦੀ ਹੈ । ਇਸ ਕਿਸਮ ਦੇ ਬੂਟੇ ਸਿੱਧੇ ਅਤੇ ਦਰਮਿਆਨੀ ਉਚਾਈ (ਤਕਰੀਬਨ 71 ਸੈਂਟੀਮੀਟਰ) ਦੇ ਹੁੰਦੇ ਹਨ । |
| ਐਮ ਐਲ 2056 | 4.6 | ਇਹ ਕਿਸਮ ਪੀਲੀ ਚਿਤਕਬਰੀ ਅਤੇ ਪੱਤਿਆਂ ਦੇ ਧੱਬਿਆਂ ਦੇ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ । ਇਹ ਕਿਸਮ ਤਕਰੀਬਨ 71 ਦਿਨਾਂ ਵਿੱਚ ਪੱਕ ਜਾਂਦੀ ਹੈ । ਇਸ ਦੇ ਦਾਣੇ ਦਰਮਿਆਨੇ ਮੋਟੇ ਅਤੇ ਹਰੇ ਚਮਕੀਲੇ ਹੁੰਦੇ ਹਨ ਅਤੇ ਦਾਲ ਸੁਆਦ ਲੱਗਦੀ ਹੈ । ਇਸ ਕਿਸਮ ਦੇ ਬੂਟੇ ਸਿੱਧੇ ਅਤੇ ਦਰਮਿਆਨੀ ਉਚਾਈ (ਤਕਰੀਬਨ 78 ਸੈਂਟੀਮੀਟਰ) ਦੇ ਹੁੰਦੇ ਹਨ । |
| ਐਮ ਐਲ 818 | 4.2 | ਇਹ ਕਿਸਮ ਪੀਲੀ ਚਿਤਕਬਰੀ ਅਤੇ ਧੱਬਿਆਂ ਦੇ ਰੋਗ ਦਾ ਮੁਕਾਬਲਾ ਕਰਨ ਦੀ ਸਮਰੱਥਾ ਰੱਖਦੀ ਹੈ । ਇਹ ਕਿਸਮ ਤਕਰੀਬਨ 72 ਦਿਨਾਂ ਵਿੱਚ ਪੱਕ ਜਾਂਦੀ ਹੈ । ਇਸ ਦੇ ਦਾਣੇ ਹਰੇ ਰੰਗ ਦੇ ਚਮਕੀਲੇ ਹੁੰਦੇ ਹਨ ਅਤੇ ਦਾਲ ਸੁਆਦ ਬਣਦੀ ਹੈ । ਇਸ ਦੇ ਬੂਟੇ ਖੜ੍ਹਵੇਂ ਅਤੇ ਦਰਮਿਆਨੇ ਤਕਰੀਬਨ 75 ਸੈਂਟੀਮੀਟਰ ਕੱਦ ਦੇ ਹੁੰਦੇ ਹਨ । |
| **ਮਾਂਹ** | | |
| ਮਾਂਹ 883 | 4.2 | ਇਸ ਕਿਸਮ ਵਿੱਚ ਵਿਸ਼ਾਣੂੰ ਰੋਗ ਅਤੇ ਪੱਤਿਆਂ ਦੇ ਧੱਬਿਆਂ ਦੇ ਰੋਗਾਂ ਦਾ ਟਾਕਰਾ ਕਰਨ ਦੀ ਕਾਫੀ ਸਮਰੱਥਾ ਹੈ । ਇਹ ਤਕਰੀਬਨ 77 ਦਿਨਾਂ ਵਿੱਚ ਪੱਕ ਜਾਂਦੀ ਹੈ । ਇਸ ਦੇ ਦਾਣੇ ਦਰਮਿਆਨੇ ਮੋਟੇ ਅਤੇ ਕਾਲੇ ਰੰਗ ਦੇ ਹੁੰਦੇ ਹਨ, ਜੋ ਚੰਗੇ ਰਿਝਦੇ ਹਨ । ਇਸ ਕਿਸਮ ਦੇ ਪੌਦੇ ਮਧਰੇ, ਖੜ੍ਹਵੇਂ ਅਤੇ ਗੁੰਦਵੇਂ ਹੁੰਦੇ ਹਨ । |
| ਮਾਂਹ 114 | 3.6 | ਇਸ ਕਿਸਮ ਵਿੱਚ ਵਿਸ਼ਾਣੂੰ ਰੋਗ ਅਤੇ ਪੱਤਿਆਂ ਦੇ ਧੱਬਿਆਂ ਦਾ ਰੋਗਾਂ ਦਾ ਟਾਕਰਾ ਕਰਨ ਦੀ ਕਾਫ਼ੀ ਸਮਰੱਥਾ ਹੈ । ਇਹ ਤਕਰੀਬਨ 83 ਦਿਨਾਂ ਵਿੱਚ ਪੱਕ ਜਾਂਦੀ ਹੈ । ਇਸ ਦੇ ਦਾਣੇ ਮੋਟੇ ਅਤੇ ਕਾਲੇ ਰੰਗ ਦੇ ਹੁੰਦੇ ਹਨ, ਜੋ ਚੰਗੇ ਰਿੱਝਦੇ ਹਨ । ਇਸ ਕਿਸਮ ਦੇ ਪੌਦੇ ਮਧਰੇ, ਖੜ੍ਹਵੇਂ ਅਤੇ ਗੁੰਦਵੇਂ ਹੁੰਦੇ ਹਨ । |

**ਬਿਜਾਈ ਦਾ ਢੁਕਵਾਂ ਸਮਾਂ ਅਤੇ ਬੀਜ ਦੀ ਮਾਤਰਾ** : ਪੂਰਾ ਝਾੜ ਲੈਣ ਲਈ ਸਾਉਣੀ ਦੀ ਮੂੰਗੀ ਦੀ ਬਿਜਾਈ ਜੁਲਾਈ ਦੇ ਦੂਜੇ ਪੰਦਰਵਾੜੇ ਵਿੱਚ ਅਤੇ ਮਾਂਹ ਦੀ ਨੀਮ ਪਹਾੜੀ ਇਲਾਕਿਆਂ ਲਈ 15 ਤੋਂ 25 ਜੁਲਾਈ ਤੱਕ ਅਤੇ ਦੂਜੇ ਇਲਾਕਿਆਂ ਲਈ ਜੂਨ ਦੇ ਅਖੀਰਲੇ ਹਫ਼ਤੇ ਤੋਂ ਜੁਲਾਈ ਦੇ ਪਹਿਲੇ ਹਫ਼ਤੇਤੱਕ ਕਰਨੀ ਚਾਹੀਦੀ ਹੈ । ਬਿਜਾਈ ਲਈ ਸਾਉਣੀ ਰੁੱਤ ਦੀ ਮੂੰਗੀ ਦਾ 8 ਕਿਲੋ ਅਤੇ ਮਾਂਹ ਦਾ 6-8 ਕਿਲੋ ਬੀਜ ਪ੍ਰਤੀ ਏਕੜ ਕਾਫੀ ਹੁੰਦਾ ਹੈ ।

**ਬਿਜਾਈ ਦੇ ਢੰਗ** : ਮੂੰਗੀ ਅਤੇ ਮਾਂਹ ਵਿੱਚ, ਬਿਜਾਈ 30 ਸੈਂਟੀਮੀਟਰ ਦੀ ਕਤਾਰ ਤੋਂ ਕਤਾਰ ਦੇ ਫ਼ਾਸਲੇ ਤੇ ਕੀਤੀ ਜਾਣੀ ਚਾਹੀਦੀ ਹੈ ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 10 ਸੈਂਟੀਮੀਟਰ ਅਤੇ 4 ਤੋਂ 6 ਸੈਂਟੀਮੀਟਰ ਦੀ ਡੂੰਘਾਈ ਤੇ ਬੀਜ ਡਰਿੱਲ / ਪੋਰਾ / ਕੇਰਾ ਨਾਲ ਕਰਨਾ ਚਾਹੀਦਾ ਹੈ । ਮੂੰਗੀ ਦੀ ਝਾੜ ਵਧਾਉਣ ਲਈ ਦੋ ਪਾਸੀ ਬਿਜਾਈ ਵਿਧੀ ਦੀ ਵਰਤੋਂ ਕਰੋ ਜਿਸ ਵਿੱਚ ਫ਼ਸਲ ਨੂੰ 30 ਸੈਂਟੀਮੀਟਰ ਕਤਾਰ ਦੇ ਫ਼ਾਸਲੇ ਤੇ ਦੋਵੇਂ ਦਿਸ਼ਾਵਾਂ ਵਿੱਚ ਬੀਜਣਾ ਸ਼ਾਮਲ ਹੈ ਜਦੋਂ ਕਿ ਹਰੇਕ ਦਿਸ਼ਾ ਵਿੱਚ ਅੱਧੀ ਬੀਜ ਦਰ ਦੀ ਵਰਤੋਂ ਕੀਤੀ ਜਾਂਦੀ ਹੈ । ਜ਼ੀਰੋ-ਟਿੱਲ ਡਰਿੱਲ ਨਾਲ, ਮੂੰਗੀ ਦੀ ਬਿਜਾਈ ਬਿਨਾਂ ਵਹਾਈ ਵੀ ਕੀਤੀ ਜਾ ਸਕਦੀ ਹੈ ।

ਬਰਸਾਤ ਦੇ ਮੌਸਮ ਵਿੱਚ ਬੈੱਡਾਂ ਉੱਤੇ ਮੂੰਗੀ ਦੀ ਬਿਜਾਈ ਭਾਰੀ ਮੀਂਹ ਦੇ ਨੁਕਸਾਨ ਤੋਂ ਬਚਾਉਂਦੀ ਹੈ ਅਤੇ ਸਿੰਚਾਈ ਦੇ ਪਾਣੀ ਦੀ ਵੀ ਬਚਤ ਕਰਦੀ ਹੈ । ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਉੱਤੇ, ਕਣਕ ਦੇ ਬੈੱਡ ਪਲਾਂਟਰ ਦੀ ਵਰਤੋਂ ਨਾਲ, ਮੂੰਗੀ ਦੀਆਂ ਦੋ ਕਤਾਰਾਂ ਪ੍ਰਤੀ ਬੈੱਡ 20 ਸੈਂਟੀਮੀਟਰ ਦੀ ਦੂਰੀ ਤੇ 67.5 ਸੈਂਟੀਮੀਟਰ (37.5 ਸੈਂਟੀਮੀਟਰ ਬੈੱਡ ਦਾ ਉਪਰਲਾ ਹਿੱਸਾ ਤੇ 30 ਸੈਂਟੀਮੀਟਰ ਖਾਲੀ) ਦੀ ਦੂਰੀ ਵਾਲੇ ਬੈੱਡਾਂ ਤੇ ਕਰਨੀ ਚਾਹੀਦੀ ਹੈ । ਬੀਜ, ਖਾਦ ਅਤੇ ਹੋਰ ਖੇਤੀ ਤਕਨੀਕਾਂ ਦੀ ਵਰਤੋਂ ਪੱਧਰੀ ਬਿਜਾਈ ਦੀ ਤਰ੍ਹਾਂ ਕਰਨੀ ਚਾਹੀਦੀ ਹੈ ।

**ਬੀਜ ਨੂੰ ਟੀਕਾ ਲਾਉਣਾ** : ਬੀਜਣ ਵੇਲੇ, ਬੀਜ ਨੂੰ ਨਿਰਧਾਰਤ ਰਾਈਜ਼ੋਬੀਅਮ ਕਲਚਰ ਦਾ ਟੀਕਾ ਲਗਾਉਣ ਨਾਲ ਝਾੜ ਵਿੱਚ 12-16% ਵਾਧਾ ਹੁੰਦਾ ਹੈ । ਇੱਕ ਏਕੜ ਲਈ ਸਿਫ਼ਾਰਸ਼ ਕੀਤੇ ਬੀਜ ਨੂੰ ਪਾਣੀ ਦਾ ਥੋੜ੍ਹਾ ਜਿਹਾ ਛਿੱਟਾ ਮਾਰ ਕੇ ਗਿੱਲਾ ਕਰੋ ਅਤੇ ਇਸ ਨੂੰ ਰਾਈਜ਼ੋਬੀਅਮ ਦੇ ਇਕ ਪੈਕੇਟ ਨਾਲ ਚੰਗੀ ਤਰ੍ਹਾਂ ਮਿਲਾਉਣ ਉਪਰੰਤ ਛਾਂ ਵਿਚ ਸੁੱਕਣ ਦਿਓ । ਬੀਜ ਨੂੰ ਟੀਕਾ ਲਾ ਕੇ ਤੁਰੰਤ ਬੀਜਣਾ ਚਾਹੀਦਾ ਹੈ ।

**ਨਦੀਨਾਂ ਦੀ ਰੋਕਥਾਮ** : ਬਿਜਾਈ ਤੋਂ ਇਕ ਮਹੀਨਾ ਬਾਅਦ ਇੱਕ ਗੋਡੀ ਕਰੋ ਜਾਂ 300 ਮਿਲੀਲਿਟਰ ਪ੍ਰਤੀ ਏਕੜ ਇਮੇਜ਼ਥਾਪਾਇਰ 10 ਐਸ ਐਲ ਦਾ ਛਿੜਕਾਅ 150 ਲੀਟਰ ਪ੍ਰਤੀ ਏਕੜ ਪਾਣੀ ਵਰਤ ਕੇ ਨਦੀਨਾਂ ਦੀ ਰੋਕਥਾਮ ਕਰੋ ।

**ਖਾਦ ਦੀ ਵਰਤੋਂ** : ਦੋਵਾਂ ਫ਼ਸਲਾਂ ਵਿੱਚ ਬਿਜਾਈ ਸਮੇਂ 5 ਕਿਲੋ ਨਾਈਟ੍ਰੋਜਨ (11 ਕਿਲੋ ਯੂਰੀਆ) ਪ੍ਰਤੀ ਏਕੜ ਡਰਿਲ ਕਰੋ । ਮੂੰਗੀ ਵਿੱਚ 16 ਕਿਲੋ ਫ਼ਾਸਫੋਰਸ (100 ਕਿਲੋ ਸਿੰਗਲ ਸੁਪਰਫ਼ਾਸਫੇਟ) ਅਤੇ ਮਾਂਹ ਵਿੱਚ 10 ਕਿਲੋ ਫ਼ਾਸਫੋਰਸ (60 ਕਿਲੋ ਸਿੰਗਲ ਸੁਪਰਫ਼ਾਸਫੇਟ) ਪ੍ਰਤੀ ਏਕੜ ਬਿਜਾਈ ਸਮੇਂ ਪਾਓ ।

**ਵਾਢੀ ਅਤੇ ਗਹਾਈ** : ਜਦੋਂ 80% ਫ਼ਲੀਆਂ ਪੱਕ ਜਾਣ ਤਾਂ ਮੂੰਗੀ ਦੀ ਫ਼ਸਲ ਕੱਟ ਲਓ । ਕਟਾਈ ਕੀਤੀ ਫ਼ਸਲ ਨੂੰ 2-3 ਦਿਨ ਸੁਕਾਉਣ ਤੋਂ ਬਾਅਦ ਥਰੈਸ਼ਰ ਦੀ ਵਰਤੋਂ ਨਾਲ ਮੂੰਗੀ ਦੇ ਦਾਣੇ ਕੱਢ ਲਓ ।



# ਆਓ ਰਲ ਮਿਲ ਪਾਣੀ ਬਚਾਈਏ

''ਪਹਿਲਾ ਪਾਣੀ ਜਿਓ ਹੈ ਜਿਤ ਹਰਿਆ ਸਭ ਕੋਇ'' ਪਾਣੀ ਇਕ ਅਜਿਹੀ ਵੱਡਮੁੱਲੀ ਚੀਜ਼ ਹੈ ਜਿਸ ਨਾਲ ਮਨੁੱਖ, ਪਸ਼ੂ, ਪੰਛੀ, ਮਸ਼ੀਨਰੀ, ਫਸਲਾਂ, ਦਰਖਤ ਆਦਿ ਜੀਵਤ ਅਤੇ ਹਰੇ ਭਰੇ ਰਹਿ ਸਕਦੇ ਹਨ ਜੇਕਰ ਪਾਣੀ ਨਾ ਹੋਵੇ ਤਾਂ ਇਹ ਸਾਰੀਆਂ ਚੀਜ਼ਾਂ ਖਤਮ ਹੋ ਜਾਣਗੀਆਂ । ਮਨੁੱਖ ਅਤੇ ਪਸ਼ੂ ਪੰਛੀਆਂ ਨੂੰ ਭੋਜਨ ਅਤੇ ਫਸਲਾਂ ਨੂੰ ਖੁਰਾਕੀ ਤੱਤ ਕੁਝ ਦਿਨਾਂ ਲਈ ਨਾ ਮਿਲਣ ਤਾਂ ਜ਼ਿੰਦਗੀ ਬਚ ਸਕਦੀ ਹੈ ਪਰ ਪਾਣੀ ਤੋਂ ਬਿਨ੍ਹਾਂ ਜ਼ਿੰਦਗੀ ਅਤੇ ਫਸਲਾਂ ਖਤਮ ਹੋ ਜਾਣਗੀਆਂ । ''ਇਹ ਜਲੁ ਮੇਰਾ ਜੀਉ ਹੈ ਜਲੁ ਬਿਨ ਰਹਣੁ ਨਾ ਜਾਇ'' ਭਾਵ ਕਿ ਜੇ ਪਾਣੀ ਨਹੀਂ ਤਾਂ ਜ਼ਿੰਦਗਾਨੀ ਨਹੀਂ । ਜੇ ਜੱਲ ਹੈ ਤਾਂ ਕੱਲ ਹੈ । ਦਿਨੋ ਦਿਨ ਪਾਣੀ ਦਾ ਪੱਧਰ ਹੇਠਾਂ ਡਿੱਗਦਾ ਹੋਇਆ ਸਭ ਲਈ ਚਿੰਤਾ ਬਣੀ ਹੋਈ ਹੈ । ਝੋਨੇ ਦੀ ਫਸਲ ਦੇ ਦਿਨਾਂ ਵਿਚ ਖੇਤੀ ਅਤੇ ਘਰਾਂ ਵਾਲੀਆਂ ਮੋਟਰਾਂ (ਟਿਊਬਵੈੱਲਾਂ) ਨੂੰ 8-10 ਫੁੱਟ ਪਾਈਪ ਪਾ ਕੇ ਮੋਟਰਾਂ ਨੂੰ ਹੋਰ ਹੇਠਾਂ ਪਾਣੀ ਦੇ ਪੱਧਰ ਤੱਕ ਕੀਤਾ ਜਾਂਦਾ ਹੈ ਜੇਕਰ ਹਰ ਸਾਲ ਅਜਿਹਾ ਹੀ ਹੁੰਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਖੇਤੀ, ਫੈਕਟਰੀਆਂ, ਬਨਸਪਤੀ, ਮਨੁੱਖੀ ਜ਼ਿੰਦਗੀਆਂ, ਪਸ਼ੂ ਪੰਛੀ ਵੀ ਪਾਣੀ ਦੀ ਬੂੰਦ-ਬੂੰਦ ਨੂੰ ਤਰਸਣਗੇ । ਕਾਸ਼ ਕਿਤੇ ਪੰਜਾਂ ਦਰਿਆਵਾਂ, ਨਹਿਰਾਂ, ਟਿਊਬਵੈੱਲਾਂ ਦੀ ਮਾਲਕ ਪੰਜਾਬ ਦੀ ਧਰਤੀ ਉੱਤੇ ਵੱਸਦੇ ਹੋਏ ਲੋਕਾਂ ਨੂੰ ਵੀ ਦੋ-ਦੋ, ਪੰਜ-ਪੰਜ, ਦਸ-ਦਸ ਲਿਟਰ ਪਾਣੀ ਲੰਬੀਆਂ ਲਾਈਨਾਂ ਵਿਚ ਲਗ ਕੇ ਨਾ ਲੈਣਾ ਪਵੇ । ਸੋ ਇਸ ਮੁੱਦੇ ਨੂੰ ਹੱਲ ਕਰਨ ਲਈ ਖੇਤੀ ਸੈਕਟਰ, ਫੈਕਟਰੀਆਂ, ਘਰਾਂ ਦੁਕਾਨਦਾਰਾਂ, ਸਰਕਾਰਾਂ ਆਦਿ ਸਭ ਦਾ ਫਰਜ ਬਣਦਾ ਹੈ ਕਿ ਪਾਣੀ ਨੂੰ ਬਚਾਉਣ ਲਈ ਹੇਠ ਲਿਖੇ ਕੁੱਝ ਤਰੀਕੇ ਅਪਣਾਈਏ ਅਤੇ ਪਾਣੀ ਸੰਕਟ ਹੱਲ ਕਰਾਈਏ ।

**1. ਖੇਤੀ ਸੈਕਟਰ ਵਿਚ ਪਾਣੀ ਬਚਾਉਣ ਦੇ ਢੰਗ :** ਕੋਸ਼ਿਸ਼ ਕੀਤੀ ਜਾਵੇ ਕਿ ਖੇਤੀ ਵਿਚ ਝੋਨੇ ਦੀ ਜਗ੍ਹਾ ਗੰਨਾ, ਦਾਲਾਂ-ਸਬਜ਼ੀਆਂ, ਮੱਕੀ, ਹਲਦੀ, ਮਿਲਟ (ਮੂਲ ਅਨਾਜ), ਬਾਗਬਾਨੀ, ਹਰਾ ਚਾਰਾ ਆਦਿ ਘੱਟ ਪਾਣੀ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਬੀਜੀਆਂ ਜਾਣ ਅਤੇ ਇਨ੍ਹਾਂ ਫਸਲਾਂ ਨੂੰ ਵੀ ਲੋੜ ਮੁਤਾਬਿਕ ਪਾਣੀ ਮੰਗਣ ਤੇ ਹੀ ਦਿੱਤਾ ਜਾਵੇ । ਪ੍ਰਤੀ ਏਕੜ ਦੇ ਹਿਸਾਬ ਨਾਲ ਘੱਟੋ-ਘੱਟ 6 ਤੋਂ 8 ਕਿਆਰੇ ਬਣਾਏ (ਪਾਏ) ਜਾਣ ਅਤੇ ਫਸਲਾਂ ਨੂੰ ਪਾਣੀ ਲਾਉਂਦੇ ਸਮੇਂ ਭਰੇ ਹੋਏ ਕਿਆਰੇ ਵਿੱਚੋਂ ਪਾਣੀ ਲੱਗਣ ਵਾਲੇ ਨਾਲ ਦੇ ਖਾਲੀ ਕਿਆਰੇ ਵੱਲ ਨੂੰ ਜਿੰਨਾ ਕੁ ਪਾਣੀ ਨਿੱਕਲੇ ਕੱਢ ਦੇਣਾ ਚਾਹੀਦਾ ਹੈ । ਪਸ਼ੂਆਂ ਲਈ ਹਰੇ ਚਾਰੇ ਨੂੰ ਛੱਡਕੇ ਬਾਕੀ ਫਸਲਾਂ ਵਿਚ ਮਲਚਿੰਗ ਕਰਕੇ ਕਾਫੀ ਪਾਣੀ ਬਚਾਇਆ ਜਾ ਸਕਦਾ ਹੈ ਕਿਉਂਕਿ ਮਲਚਿੰਗ ਦੇ ਨਾਲ ਇਕ ਤਾਂ ਨਦੀਨਾਂ ਦੀ ਰੋਕਥਾਮ ਹੋ ਜਾਂਦੀ ਹੈ ਦੂਜਾ ਫਸਲ ਵਿਚ ਨਮੀਂ ਦੀ ਮਾਤਰਾ ਕਾਫੀ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ ਤੀਜਾ ਫਸਲੀ ਰਹਿੰਦ-ਖੂੰਹਦ ਮਲਚਿੰਗ ਦੇ ਕੰਮ ਆ ਜਾਂਦੀ ਹੈ ਇਸ ਨਾਲ ਪਾਣੀ ਅਤੇ ਪਰਾਲੀ ਦੋਨੋਂ ਮਸਲੇ ਹੱਲ ਹੋਣ ਵਿਚ ਬਹੁਤ ਮਦਦ ਮਿਲ ਸਕਦੀ ਹੈ ਅਤੇ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਕੇ ਇਕ ਤੀਰ ਨਾਲ ਤਿੰਨ ਨਿਸ਼ਾਨੇ ਹੋ ਜਾਂਦੇ ਹਨ ।

**2. ਪਾਣੀ ਵਾਲੀ ਘਰੇਲੂ ਟੈਂਕੀ ਭਰਦੇ ਸਮੇਂ ਪਾਣੀ ਦਾ ਬਚਾਓ :** ਜਦੋਂ ਘਰਾਂ ਦੀ ਟੈਂਕੀ ਭਰਦੇ ਸਮੇਂ ਮੋਟਰ ਚਲਾ ਕੇ ਇੱਧਰ-ਉੱਧਰ ਕੋਈ ਹੋਰ ਕੰਮ ਕਰਨ ਲੱਗ ਜਾਂਦੇ ਹਾਂ ਤਾਂ ਪਾਣੀ ਦੀ ਘਰੇਲੂ ਟੈਂਕੀ ਭਰ ਕੇ ਕਾਫੀ ਸਮਾਂ ਪਾਣੀ ਬਾਹਰ ਹੀ ਡੁੱਲਦਾ ਰਹਿੰਦਾ ਹੈ ਅਤੇ ਕਾਫੀ ਮਾਤਰਾ ਵਿਚ ਅਨਮੋਲ ਰਤਨ ਪੀਣ ਵਾਲਾ ਪਾਣੀ ਗੰਦੀਆਂ ਨਾਲੀਆਂ ਵਿਚ ਬੇਕਾਰ ਚਲੇ ਜਾਂਦਾ ਹੈ ਸੋ ਟੈਂਕੀ ਭਰਦੇ ਸਮੇਂ ਕੋਲ ਖੜੇ ਰਹੋ ਜਾਂ ਆਟੋ ਕੱਟ ਲਵਾ ਲੈਣਾ ਚਾਹੀਦਾ ਹੈ ।



**3. ਮਸ਼ੀਨਰੀ ਧੋਂਦੇ ਸਮੇਂ ਪਾਣੀ ਦਾ ਬਚਾਓ :** ਮੋਟਰ ਸਾਈਕਲ, ਕਾਰ, ਟਰੈਕਟਰ ਆਦਿ ਧੋਂਦੇ ਸਮੇਂ ਵੀ ਲਗਾਤਾਰ ਟੂਟੀ ਚਲਦੀ ਛੱਡ ਕੇ ਅਸੀਂ ਹੱਥ ਨਾਲ ਚਿੱਕੜ (ਮਿੱਟੀ ਘੱਟਾ) ਵਗੈਰਾ ਨੂੰ ਮਲਣ ਲੱਗ ਜਾਂਦੇ ਹਾਂ ਕੋਸ਼ਿਸ਼ ਕਰੋ ਕਿ ਕਿਸੇ ਟੱਬ, ਬਾਲਟੀ ਵਿਚ ਪਾਣੀ ਭਰ ਕੇ ਮੱਗ ਨਾਲ ਲੋੜ ਮੁਤਾਬਿਕ ਥੋੜ੍ਹਾ-ਥੋੜ੍ਹਾ ਪਾਣੀ ਵਰਤ ਕੇ ਮਸ਼ੀਨਰੀ ਧੋਤੀ ਜਾ ਸਕੇ ।

**4. ਪਸ਼ੂਆਂ ਨੂੰ ਨਹਾਉਂਦੇ ਸਮੇਂ ਪਾਣੀ ਦਾ ਬਚਾਓ :** ਪਸ਼ੂਆਂ ਨੂੰ ਨਹਾਉਂਦੇ ਸਮੇਂ ਘਰੇਲੂ ਪਾਣੀ ਦੀ ਮੋਟਰ ਚਲਾ ਕੇ ਸਿੱਧਾ ਰਬੜ ਦੇ ਪਾਈਪ ਨਾਲ ਪਾਣੀ ਦਾ ਪ੍ਰੈਸ਼ਰ ਪਸ਼ੂ ਉੱਪਰ ਮਾਰ ਕੇ ਨਹਾਉਂਦੇ ਹਾਂ ਅਤੇ ਮੋਟਰ ਚਲਦੀ ਛੱਡ ਕੇ ਪਾਣੀ ਦਾ ਪਾਈਪ ਹੇਠਾਂ ਸੁੱਟ ਕੇ ਪਸ਼ੂ ਨੂੰ ਲੱਗਾ ਗੋਬਰ ਹੱਥ ਨਾਲ ਮਲਣ ਲੱਗ ਜਾਂਦੇ ਹਾਂ ਜਿਸ ਨਾਲ ਕਾਫੀ ਪਾਣੀ ਬੇਕਾਰ ਚਲੇ ਜਾਂਦਾ ਹੈ ਸੋ ਚਬੱਚਾ (ਪਾਣੀ ਦਾ ਚਲ੍ਹਾ) ਆਦਿ ਨੂੰ ਭਰ ਕੇ ਉਸ ਵਿੱਚੋਂ ਮੱਗ ਵਗੈਰਾ ਨਾਲ ਪਾਣੀ ਲੈ ਕੇ ਪਸ਼ੂ ਦੇ ਸਰੀਰ ਉੱਤੇ ਪਾਓ ਹੋ ਕੇ ਤਾਂ ਪਸ਼ੂਆਂ ਦੇ ਸਰੀਰ ਹੋ ਹੇਠਾਂ ਡਿੱਗਿਆ ਪਾਣੀ ਦਰੱਖਤਾਂ, ਸਬਜ਼ੀਆਂ, ਫੁੱਲਾਂ, ਫਲਾਂ ਦੇ ਬੂਟਿਆਂ ਨੂੰ ਪਾਇਆ ਜਾਵੇ ।

**5. ਕੱਪੜੇ ਨੂੰ ਧੋਂਦੇ ਸਮੇਂ ਪਾਣੀ ਦਾ ਬਚਾਓ :** ਕਈ ਵਾਰ ਕਿਸੇ ਟੱਬ ਜਾਂ ਬਾਲਟੀ ਵਿਚ ਕੱਪੜੇ ਪਾ ਕੇ ਟੂਟੀ ਚੱਲਦੀ ਛੱਡ ਕੇ ਕੋਈ ਹੋਰ ਘਰੇਲੂ ਕੰਮ ਕਰਨ ਜਾਂ ਕਿਸੇ ਨਾਲ ਗੱਲਾਂ ਕਰਨ ਲੱਗ ਜਾਂਦੇ ਹਾਂ, ਟੂਟੀ ਬੰਦ ਕਰਨਾ ਭੁੱਲ ਜਾਂਦੇ ਹਾਂ ਇਸ ਤਰ੍ਹਾਂ ਵੀ ਅਨਮੋਲ ਰਤਨ ਪਾਣੀ ਕਾਫੀ ਮਾਤਰਾ ਵਿਚ ਬੇਕਾਰ ਚਲੇ ਜਾਂਦਾ ਹੈ । ਕੋਸ਼ਿਸ਼ ਕਰੋ ਜਦੋਂ ਤੱਕ ਲੋੜ ਮੁਤਾਬਕ ਪਾਣੀ ਦਾ ਟੱਬ ਜਾਂ ਬਾਲਟੀ ਭਰ ਨਹੀਂ ਜਾਂਦੇ ਟੂਟੀ ਕੋਲ ਹੀ ਖੜ੍ਹੇ ਰਹੋ ।

**6. ਦੰਦਾਂ ਦੀ ਸਫਾਈ ਕਰਦੇ ਅਤੇ ਹੱਥ ਮੂੰਹ ਧੋਂਦੇ ਸਮੇਂ ਪਾਣੀ ਦਾ ਬਚਾਓ :** ਬੱਚੇ ਜਾਂ ਵਡੇਰੀ ਉਮਰ ਦੇ ਅਸੀਂ ਜਦੋਂ ਸਵੇਰੇ ਉੱਠ ਕੇ ਦੰਦ ਸਾਫ ਕਰਨ ਲਈ ਬੁਰਸ਼ ਕਰਦੇ ਸਮੇਂ ਨਾਲ ਨਾਲ ਟੂਟੀ ਵੀ ਚਲਦੀ ਰਹਿੰਦੀ ਹੈ । ਉਸ ਸਮੇਂ ਟੂਟੀ ਬੰਦ ਕਰੋ । ਬੁਰਸ਼ ਕਰਨ ਤੋਂ ਬਾਅਦ ਮੂੰਹ ਸਾਫ ਕਰਨ ਲਈ ਲੋੜ ਮੁਤਾਬਿਕ ਘੱਟ ਮਾਤਰਾ ਵਿਚ ਟੂਟੀ ਖੋਲ੍ਹੋ ।

**7. ਨਹਾਉਂਦੇ ਸਮੇਂ ਪਾਣੀ ਦਾ ਬਚਾਓ :** ਨਹਾਉਂਦੇ ਸਮੇਂ ਟੂਟੀ ਜਾਂ ਫੁਆਰਾ ਸਦਾ ਹੀ ਚਲਦਾ ਨਾ ਰੱਖੋ ਸਰੀਰ ਨੂੰ ਜਾਂ ਸਿਰ ਨੂੰ ਗਿੱਲਾ ਕਰਕੇ ਸਾਬਣ ਵਗੈਰਾ ਲਗਾਉਂਦੇ ਸਮੇਂ ਟੂਟੀ ਜਾਂ ਫੁਆਰਾ ਬੰਦ ਕਰ ਦਿਓ ਸਾਬਣ ਲਗਾਉਣ ਤੋਂ ਬਾਅਦ ਦੁਬਾਰਾ ਟੂਟੀ ਜਾਂ ਫੁਆਰਾ ਚਲਾਓ ਜਾਂ ਟੱਬ, ਬਾਲਟੀ ਭਰ ਕੇ ਮੱਗ ਨਾਲ ਨਹਾਓ ਇਸ ਤਰ੍ਹਾਂ ਪਾਣੀ ਦੀ ਕਾਫੀ ਬੱਚਤ ਹੋਵੇਗੀ ।



**ਸੁਰਜੀਤ ਸਿੰਘ ਰਾਏ,**
**ਪਿੰਡ ਲੰਗੇਰੀ, ਤਹਿਸੀਲ ਬੰਗਾ,**
**ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ**
(ਮੋ. 94171-27559)

**8. ਘਰੇਲੂ ਆਰ. ਓ ਤੋਂ ਪਾਣੀ ਦਾ ਬਚਾਓ :** ਘਰੇਲੂ ਆਰ. ਓ ਦੀ ਪੀਣ ਯੋਗ ਪਾਣੀ ਇਕੱਠਾ ਕਰਨ ਲਈ ਟੈਂਕੀ ਲੱਗਭਗ 10 ਤੋਂ 11 ਲਿਟਰ ਦੀ ਹੁੰਦੀ ਹੈ ਆਰ. ਓ ਦੇ ਵਿਚ 10 ਲਿਟਰ ਪੀਣ ਯੋਗ ਪਾਣੀ ਇਕੱਠਾ ਹੋਣ ਲਈ 30 ਲਿਟਰ ਪੀਣ ਆਰ. ਓ ਦੇ ਵੇਸਟ ਪਾਣੀ ਵਾਲੇ ਪਾਈਪ ਰਾਹੀਂ ਬੇਕਾਰ ਚਲੇ ਜਾਂਦਾ ਹੈ ਮੰਨ ਲਓ ਇਕ ਪਰਿਵਾਰ ਦੇ 4 ਮੈਂਬਰ ਆਰ. ਓ ਦਾ ਪਾਣੀ ਪੀਂਦੇ ਹੋਣ ਤਾਂ ਖਪਤ ਦੇ ਮੁਤਾਬਿਕ ਇਕ ਆਰ. ਓ ਦੇ ਵਿੱਚੋਂ ਕਾਫੀ ਮਾਤਰਾ ਵਿਚ ਪਾਣੀ ਬੇਕਾਰ ਚਲੇ ਜਾਂਦਾ ਹੈ । ਇੱਕ ਪਿੰਡ, ਤਹਿਸੀਲ, ਜ਼ਿਲ੍ਹਾ ਦੇ ਆਧਾਰ ਉੱਤੇ ਹੀ ਜੇ ਔਸਤ ਕੱਢੀਏ ਤਾਂ ਰੋਜ਼ਾਨਾ ਲੱਖਾਂ ਕਰੋੜਾਂ ਲਿਟਰ ਪਾਣੀ ਆਰ. ਓ ਹੀ ਨਾਲੀਆਂ ਵਿਚ ਵਹਾ ਕੇ ਬੇਕਾਰ ਕਰ ਦਿੰਦੇ ਹਨ ਸੋ ਆਰ. ਓ ਦੇ ਵੇਸਟ ਪਾਣੀ ਵਾਲੇ ਪਾਈਪ ਦੇ ਮੂਹਰੇ ਫਰਸ਼ ਦੇ ਉੱਤੇ ਕੋਈ ਕੈਨੀ ਜਾਂ ਬਾਲਟੀ ਵਗੈਰਾ ਰੱਖ ਦੇਣੀ ਚਾਹੀਦੀ ਹੈ ਤਾਂ ਕਿ ਵੇਸਟ ਪਾਣੀ ਉਸ ਵਿਚ ਇਕੱਠਾ ਹੁੰਦਾ ਰਹੇ । ਉਸ ਪਾਣੀ ਨੂੰ ਘਰ ਵਿਚ ਵਰਤਣ (ਭਾਂਡੇ) ਸਾਫ ਕਰਨ, ਕੱਪੜੇ ਧੋਣ, ਨਹਾਉਣ, ਸਬਜ਼ੀਆਂ ਦੀਆਂ ਵੇਲਾਂ/ਬੂਟੇ, ਸਜਾਵਟੀ ਫੁੱਲ, ਫਲਦਾਰ ਬੂਟੇ, ਛਾਂਦਾਰ ਦਰਖਤਾਂ ਨੂੰ ਪਾਉਣ ਲਈ ਵਰਤੋਂ ਜਾਂ ਘਰ ਵਿਚ ਪੋਚੇ ਅਤੇ ਫਰਸ਼ ਧੋਣ ਲਈ ਵਰਤ ਲੈਣਾ ਚਾਹੀਦਾ ਹੈ ਜੇਕਰ ਅਸੀਂ ਥੋੜੀ ਜਿਹੀ ਹਿੰਮਤ ਕਰੀਏ ਤਾਂ ਇਸ ਤਰ੍ਹਾਂ ਕਰਕੇ ਪੂਰੇ ਸਾਲ ਵਿਚ ਆਰ. ਓ. ਰਾਹੀਂ ਪਿੰਡ, ਕਸਬੇ, ਸ਼ਹਿਰਾਂ, ਜ਼ਿਲ੍ਹਾ, ਸਟੇਟ ਪੱਧਰ ਉੱਤੇ ਬਹੁਤ ਵੱਡੀ ਮਾਤਰਾ ਵਿਚ ਪਾਣੀ ਬਚਾ ਕੇ ਧਰਤੀ ਦੇ ਪਾਣੀ ਦਾ ਪੱਧਰ ਉੱਚਾ ਚੁੱਕਣ ਵਿਚ ਬਹੁਤ ਵੱਡਾ ਯੋਗਦਾਨ ਪਾ ਸਕਦੇ ਹਾਂ ।

**9. ਮੀਂਹ (ਵਰਖਾ/ਬਾਰਿਸ਼) ਦੇ ਪਾਣੀ ਨੂੰ ਇਕੱਠਾ ਕਰਕੇ ਪਾਣੀ ਦਾ ਬਚਾਓ :** ਕੋਸ਼ਿਸ਼ ਕਰੋ ਕਿ ਬਾਰਿਸ਼ ਹੁੰਦੀ ਸਮੇਂ ਘਰ ਦਾ ਵਿਹੜਾ ਜਾਂ ਮਕਾਨਾਂ ਦੀਆਂ ਛੱਤਾਂ ਉੱਤੇ ਖੁੱਲ੍ਹੇ ਬਰਤਨ ਲੋਹੇ ਜਾਂ ਪਲਾਸਟਿਕ ਦੇ ਟੱਬ ਵਗੈਰਾ ਰੱਖ ਦੇਣੇ ਚਾਹੀਦੇ ਹਨ ਉਹਨਾਂ ਵਿਚ ਬਾਰਿਸ਼ ਦਾ ਪਾਣੀ ਸਿੱਧਾ ਹੀ ਪਵੇ ਉਸਨੂੰ ਇਸ ਤਰ੍ਹਾਂ ਇਕੱਠਾ ਕਰ ਲਓ ਲੋੜ ਅਨੁਸਾਰ ਵਰਤਦੇ ਰਹੋ ਖੇਤੀ ਸੈਕਟਰ ਵਿਚ ਛੋਟੇ ਵੱਡੇ, ਕੱਚੇ ਪੱਕੇ ਤਲਾਬ ਆਪਣੀ ਪਹੁੰਚ ਮੁਤਾਬਿਕ ਬਣਾਓ ਫਸਲਾਂ ਵਾਸਤੇ ਲੋੜ ਮੁਤਾਬਿਕ ਉਹ ਪਾਣੀ ਵਰਤਦੇ ਰਹੋ । ਧਰਤੀ ਹੇਠਲਾ ਪਾਣੀ ਬਚਾਉਣ ਲਈ ਅਜਿਹੇ ਤਰੀਕੇ ਕਾਫੀ ਕਾਰਗਰ ਸਿੱਧ ਹੋਣਗੇ ।

**10. ਨਹਿਰੀ ਪਾਣੀ ਦੀ ਵਰਤੋਂ ਕਰਕੇ ਪਾਣੀ ਦਾ ਬਚਾਓ :** ਜਿਸ ਇਲਾਕੇ ਵਿਚ ਫਸਲਾਂ ਨੂੰ ਨਹਿਰੀ ਅਤੇ ਟਿਊਬਵੈਲ ਦੋਨਾਂ ਦਾ ਪਾਣੀ ਲੱਗਦਾ ਹੋਵੇ ਤਾਂ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਟਿਊਬਵੈਲਾਂ ਦੇ ਪਾਣੀ ਨੂੰ ਬਚਾ ਕੇ ਧਰਤੀ ਹੇਠਲੇ ਪਾਣੀ ਦੇ ਲੈਵਲ ਨੂੰ ਉੱਚਾ ਚੁੱਕਣ ਵਿਚ ਮਦਦ ਹੋ ਸਕਦੀ ਹੈ ।


**11. ਪੇਂਡੂ ਅਤੇ ਸ਼ਹਿਰੀ ਸਰਕਾਰੀ ਟੂਟੀਆਂ ਤੋਂ ਪਾਣੀ ਦਾ ਬਚਾਓ :** ਪਿੰਡਾਂ, ਕਸਬਿਆਂ, ਸ਼ਹਿਰਾਂ ਵਿਚ ਕਈ ਵਾਰ ਕਿਸੇ ਸਾਂਝੀ ਥਾਂ ਤੇ ਲੱਗੀ ਹੋਈ ਟੂਟੀ ਚੱਲ ਰਹੀ ਹੋਵੇ ਅਤੇ ਪਾਣੀ ਬੇਕਾਰ ਜਾ ਰਿਹਾ ਹੋਵੇ ਉਸ ਦੇ ਕੋਲੋਂ ਚੁੱਪ ਚਾਪ ਲੰਘਣ ਦੀ ਬਜਾਏ ਟੂਟੀ ਨੂੰ ਬੰਦ ਕਰੋ ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਟੂਟੀ ਕਿਹੜਾ ਮੇਰੇ ਘਰ ਦੀ ਟੂਟੀ ਹੈ ਸੋ ਅਸੀਂ ਪਿੰਡਾਂ, ਕਸਬਿਆਂ, ਸ਼ਹਿਰਾਂ ਦੇ ਵਸਨੀਕ ਆਪੋ ਆਪਣੇ ਕਿੱਤੇ ਨਾਲ ਜੁੜੇ ਹੋਏ ਵਰਗ ਦੇ ਲੋਕ ਇਹ ਲਿਖੇ ਹੋਏ ਸਾਰੇ ਹੀ ਤਰੀਕੇ ਅਪਣਾ ਕੇ ਦਿਨੋ ਦਿਨ ਪਾਣੀ ਦੇ ਹੇਠਾਂ ਡਿੱਗਦੇ ਹੋਏ ਪੱਧਰ ਨੂੰ ਉੱਚਾ ਚੁੱਕਣ ਵਿਚ ਆਪਣਾ ਫਰਜ਼ ਸਮਝਦੇ ਹੋਏ ਵਡਮੁੱਲਾ ਯੋਗਦਾਨ ਪਾਈਏ ਅਤੇ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ ਦੇ ਮਹਾਂਵਾਕਾਂ ਦਾ ਸਿਧਾਂਤ ਅਪਨਾਈਏ ।

**12. ਰਸੋਈ ਵਿਚ ਜੂਠੇ ਬਰਤਨ (ਭਾਂਡੇ) ਧੋਂਦੇ ਸਮੇਂ ਪਾਣੀ ਦਾ ਬਚਾਓ :** ਜੂਠੇ ਬਰਤਨ ਧੋਂਦੇ ਸਮੇਂ ਪੂਰੀ ਟੂਟੀ ਖੋਲ੍ਹਣ ਨਾਲ ਪਾਣੀ ਬਹੁਤ ਬੇਕਾਰ ਚਲਾ ਜਾਂਦਾ ਹੈ ਸੋ ਬਰਤਨ ਧੋਂਦੇ ਸਮੇਂ ਘੱਟ ਮਾਤਰਾ ਵਿਚ ਲੋੜ ਮੁਤਾਬਿਕ ਟੂਟੀ ਖੋਲੋ ਅਤੇ ਪਾਣੀ ਦੀ ਬੱਚਤ ਕਰੋ ।

**13. ਸਰਕਾਰਾਂ ਨੂੰ ਬੇਨਤੀ :** ਪਾਣੀ ਦੇ ਸੰਕਟ ਨੂੰ ਮੁੱਖ ਰੱਖ ਕੇ ਜੇ ਹੋ ਸਕੇ ਤਾਂ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਖੇਤੀ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਨਹਿਰੀ ਪਾਣੀ ਮੁਹੱਈਆ ਕਰਾਇਆ ਜਾਵੇ ਅਤੇ ਪੀਣ ਵਾਸਤੇ ਵੀ ਨਹਿਰੀ ਪਾਣੀ ਮਸ਼ੀਨਾਂ ਰਾਹੀਂ ਸ਼ੁੱਧ ਕਰਕੇ ਨਹਿਰਾਂ ਦੇ ਨੇੜੇ ਵਸੇ ਹੋਏ ਸ਼ਹਿਰਾਂ ਵਿਚ ਪਹੁੰਚਾਇਆ ਜਾਵੇ ਅਤੇ ਘੱਟ ਪਾਣੀ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਉੱਤੇ ਐਮ.ਐਸ.ਪੀ. (ਫਸਲਾਂ ਦੇ ਪੱਕੇ ਰੇਟ) ਬੰਨੇ ਜਾਣ ਅਤੇ ਕਣਕ, ਝੋਨੇ ਦੀ ਫਸਲਾਂ ਦੀ ਤਰ੍ਹਾਂ ਫਸਲ ਵਿਕਰੀ ਦੇ ਪੈਸੇ ਸਮੇਂ ਸਿਰ ਮਿਲਣ ਤਾਂ ਕਿ ਕਿਸਾਨ ਵੀਰ ਝੋਨੇ ਨੂੰ ਤਿਆਗ ਕੇ ਘੱਟ ਪਾਣੀ ਅਤੇ ਘੱਟ ਫਸਲੀ ਜ਼ਹਿਰਾਂ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਨੂੰ ਅਪਨਾਉਣ ਅਤੇ ਪਾਣੀ ਨੂੰ ਬਚਾਉਣ ਵਿਚ ਮਦਦ ਹੋ ਸਕੇ । ''ਸੋ ਆਓ ਆਪਾਂ ਰਲ ਮਿਲ ਹਰ ਵਰਗ ਜ਼ੋਰ ਲਗਾਈਏ, ਘੱਟ ਪਾਣੀ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਉਗਾਈਏ । ਘਰਾਂ ਅਤੇ ਸਾਂਝੇ ਥਾਵਾਂ ਵਿਚ ਪਾਣੀ ਦੀਆਂ ਟੂਟੀਆਂ ਫਾਲਤੂ ਨਾ ਚਲਾਈਏ, ਮਸ਼ੀਨਰੀ ਧੋਂਦੇ ਸਮੇਂ ਵੀ ਬਹੁਤ ਪਾਣੀ ਨਾ ਵਹਾਈਏ । ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਕੁਝ ਚੰਗਾ ਕਰਕੇ ਜਾਈਏ, ਆਪਣੇ ਸਾਹਾਂ ਦੀ ਤਰ੍ਹਾਂ ਪਾਣੀ ਨੂੰ ਵੀ ਹਰਮਨ ਪਿਆਰਾ ਬਣਾਈਏ । ਪਾਣੀ ਨੂੰ ਬਰਬਾਦ ਕਰਦੇ ਜ਼ਿੰਦਗੀ ਲਈ ਖਤਰੇ ਦੀ ਘੰਟੀ ਨਾ ਬਜਾਈਏ, ਫਸਲਾਂ, ਪਸ਼ੂ, ਪੰਛੀ, ਮਨੁੱਖੀ ਜ਼ਿੰਦਗੀਆਂ ਬਚਾਉਣ ਲਈ ਅਨਮੋਲ ਰਤਨ ਪਾਣੀ ਨੂੰ ਹਰ-ਹੀਲੇ ਬਚਾਈਏ'' ।



# ਪਾਣੀ ਦੀ ਬੱਚਤ ਤੇ ਫ਼ਸਲੀ ਵਿਭਿੰਨਤਾ ਦੀ ਲੋੜ



ਭਗਵਾਨ ਦਾਸ

ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਅਤੇ ਖੇਤੀ ਨੂੰ ਦਰਪੇਸ਼ ਸਮੱਸਿਆਵਾਂ 'ਤੇ ਕਾਬੂ ਪਾਉਣ ਲਈ ਪਾਣੀ ਦੀ ਬੱਚਤ 'ਤੇ ਜ਼ੋਰ ਦੇਣ ਦੀ ਲੋੜ ਹੈ। ਪੰਜਾਬ ਵਿੱਚ 14.5 ਲੱਖ ਟਿਊਬਵੈੱਲ ਹਨ। ਝੋਨੇ ਦੀ ਕਾਸ਼ਤ ਤਕਰੀਬਨ 32.5 ਲੱਖ ਹੈਕਟੇਅਰ ਰਕਬੇ 'ਤੇ ਕੀਤੀ ਜਾਂਦੀ ਹੈ। ਸਿੰਜਾਈ ਅਧੀਨ 99.5 ਫ਼ੀਸਦੀ ਰਕਬਾ ਹੈ। ਕੁੱਲ 150 ਬਲਾਕਾਂ ਵਿੱਚੋਂ 117 ਬਲਾਕ 'ਸਿਆਹ ਜ਼ੋਨ' ਵਿੱਚ ਚਲੇ ਗਏ ਹਨ, ਜਿੱਥੇ ਕੋਈ ਨਵਾਂ ਟਿਊਬਵੈੱਲ ਲਾਉਣਾ ਸੰਭਵ ਨਹੀਂ। ਇਸ ਸਾਲ ਗਰਮੀ ਵੀ ਬਹੁਤ ਪੈ ਰਹੀ ਹੈ ਤੇ ਮੌਨਸੂਨ ਵੀ ਪਿਛਲੇ ਸਾਲ ਦੇ ਮੁਕਾਬਲੇ ਕਮਜ਼ੋਰ ਰਹਿਣ ਦੀ ਸੰਭਾਵਨਾ ਹੈ। ਇਸ ਹਾਲਤ ਵਿੱਚ ਪਾਣੀ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ। ਝੋਨੇ ਨੂੰ ਪਾਣੀ ਦੀ ਵੱਧ ਲੋੜ ਰਹਿੰਦੀ ਹੈ। ਸਰਕਾਰ ਪਾਣੀ ਬਚਾਉਣ ਲਈ ਸਿੱਧੀ ਬਿਜਾਈ (ਡੀ.ਐਸ.ਆਰ.) ਥੱਲੇ ਰਕਬਾ ਵਧਾ ਕੇ 2.77 ਲੱਖ ਏਕੜ ਤੱਕ ਲਿਜਾਣ ਦਾ ਉਪਰਾਲਾ ਕਰ ਰਹੀ ਹੈ ਅਤੇ ਇਸ 'ਤੇ 1500 ਰੁਪਏ ਪ੍ਰਤੀ ਏਕੜ ਤੱਕ ਦੀ ਸਬਸਿਡੀ ਵੀ ਦੇਵੇਗੀ। ਫ਼ਸਲਾਂ ਵਿੱਚ ਆਈ ਖੜੋਤ, ਵਾਤਾਵਰਨਿਕ ਪ੍ਰਦੂਸ਼ਣ ਅਤੇ ਮੌਸਮ ਵਿੱਚ ਆ ਰਹੀ ਤਬਦੀਲੀ ਨਾਲ ਜੁੜੀਆਂ ਸਮੱਸਿਆਵਾਂ ਤੇ ਜ਼ਮੀਨ ਦੀ ਘਟ ਰਹੀ ਉਪਜਾਊ ਸ਼ਕਤੀ ਨੂੰ ਰੋਕਣ ਦੀ ਲੋੜ ਹੈ। ਉਧਰ ਦੂਜੇ ਰਾਜ ਹੁਣ ਕਣਕ, ਝੋਨੇ ਦੀ ਕਾਸ਼ਤ ਵਿੱਚ ਅੱਗੇ ਵਧ ਰਹੇ ਹਨ। ਕਣਕ ਦੀ ਕਾਸ਼ਤ ਵਿੱਚ ਪੰਜਾਬ ਦਾ ਸਾਰੇ ਰਾਜਾਂ ਤੋਂ ਮੋਹਰੀ ਹੋਣ ਦਾ ਦਰਜਾ ਪਛੜ ਗਿਆ ਹੈ। ਪੀ. ਏ. ਯੂ. ਤੇ ਆਈ. ਏ. ਆਰ. ਆਈ. ਨੂੰ ਕਣਕ-ਝੋਨੇ ਦੀਆਂ ਅਜਿਹੀਆਂ ਕਿਸਮਾਂ ਦੇਣੀਆਂ ਚਾਹੀਦੀਆਂ ਹਨ, ਜਿਨ੍ਹਾਂ ਦੀ ਉਤਪਾਦਕਤਾ ਵੱਧ ਹੋਵੇ ਤੇ ਖ਼ਰਚਾ ਘੱਟ ਹੋਵੇ। ਭਾਵੇਂ ਕਿਸਾਨਾਂ ਵਿੱਚ ਬੀਜਾਂ ਪ੍ਰਤੀ ਚੇਤਨਾ ਵਧ ਰਹੀ ਹੈ, ਪਰ ਅਜੇ ਵੀ ਬੀਜ ਬਦਲ ਦਰ ਬੜੀ ਘੱਟ ਹੈ। ਕਿਸਾਨ ਆਪਣਾ ਬੀਜ ਇਸਤੇਮਾਲ ਕਰ ਰਹੇ ਹਨ ਜਾਂ ਅਪ੍ਰਮਾਣਿਤ ਨਿੱਜੀ ਕੰਪਨੀਆਂ ਵਲੋਂ ਹਾਈਬ੍ਰਿਡ ਬੀਜ ਖ਼ਰੀਦ ਰਹੇ ਹਨ। ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਗੁਰਜੀਤ ਸਿੰਘ ਬਰਾੜ ਅਨੁਸਾਰ ਹਾਈਬ੍ਰਿਡ ਬੀਜ ਦੀ ਕਾਸ਼ਤ ਚੌਲਾਂ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰੇਗੀ। ਵਿਭਾਗ ਨੇ ਹਾਈਬ੍ਰਿਡ ਦੀ ਕਾਸ਼ਤ 'ਤੇ ਰੋਕ ਲਾਈ ਸੀ, ਪਰ ਅਦਾਲਤ ਨੇ ਹਟਾ ਦਿੱਤੀ। ਕਿਸਾਨ ਕਹਿੰਦੇ ਹਨ ਕਿ ਹਾਈਬ੍ਰਿਡਜ਼ ਦਾ ਝਾੜ ਵੱਧ ਹੈ ਤੇ ਇਨ੍ਹਾਂ 'ਤੇ ਕਾਸ਼ਤ ਦੇ ਖ਼ਰਚੇ ਘੱਟ ਆਉਂਦੇ ਹਨ। ਮਿੱਲਰ ਹਾਈਬ੍ਰਿਡਜ਼ ਦੀ ਫ਼ਸਲ ਖ਼ਰੀਦਣ ਤੋਂ ਗੁਰੇਜ਼ ਕਰਦੇ ਹਨ, ਕਿਉਂਕਿ ਇਨ੍ਹਾਂ ਦਾ ਨਿਕਾਲ ਘੱਟ ਤੇ ਟੋਟਾ ਵੱਧ ਹੁੰਦਾ ਹੈ।

ਆਮ ਕਿਸਾਨਾਂ ਨੂੰ ਯੂਨੀਵਰਸਿਟੀਆਂ ਤੇ ਖੋਜ ਸੰਸਥਾਵਾਂ ਵਲੋਂ ਨੵੀਆਂ ਕਿਸਮਾਂ ਦੇ ਬੀਜ ਵੀ ਉਪਲਬਧ ਨਹੀਂ ਹੋ ਰਹੇ। ਕਿਸਾਨ ਮੇਲਿਆਂ ਵਿੱਚ ਇਨ੍ਹਾਂ ਨਵੀਆਂ ਕਿਸਮਾਂ ਦੇ ਬੀਜ ਵੰਡਣ ਦੇ ਪ੍ਰਬੰਧਨ ਵਿੱਚ ਸੁਧਾਰ ਲਿਆਉਣ ਦੀ ਲੋੜ ਹੈ। ਖੇਤੀ ਖਰਚੇ ਵਧਣ ਕਾਰਨ ਕਿਸਾਨਾਂ ਸਿਰ ਦਿਨੋ-ਦਿਨ ਕਰਜ਼ਾ ਵਧ ਰਿਹਾ ਹੈ। ਖੇਤੀ ਦਾ ਧੰਦਾ ਵਪਾਰ ਸਮਝ ਕੇ ਕੀਤੇ ਜਾਣ ਦੀ ਲੋੜ ਹੈ, ਸਿਰਫ਼ ਗੁਜ਼ਾਰੇ ਲਈ ਨਹੀਂ। ਕਿਸਾਨਾਂ ਦੀ ਆਮਦਨ ਵਧਾਉਣ ਲਈ ਲੇਜ਼ਰ ਲੈਂਡ ਕਰਾਹੇ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾਵੇ। ਲੇਜ਼ਰ ਲੈਂਡ ਕਰਾਹਾ ਵਰਤਣ ਲਈ ਸਰਕਾਰ ਛੋਟੇ ਕਿਸਾਨਾਂ ਨੂੰ ਸਬਸਿਡੀ ਦੇਵੇ, ਵੱਡੇ ਕਿਸਾਨਾਂ ਨੂੰ ਇਹ ਮਸ਼ੀਨਾਂ ਸਬਸਿਡੀ 'ਤੇ ਭਾਵੇਂ ਨਾ ਦਿੱਤੀਆਂ ਜਾਣ, ਕਿਉਂਕਿ ਉਹ ਤਾਂ ਇਨ੍ਹਾਂ ਮਸ਼ੀਨਾਂ ਨੂੰ ਕਿਰਾਏ 'ਤੇ ਚਲਾ ਕੇ ਵਪਾਰਕ ਆਮਦਨ ਵੀ ਕਰਦੇ ਹਨ। ਲੇਜ਼ਰ ਕਰਾਹੇ ਨਾਲ ਪੱਧਰ ਕੀਤੀ ਜ਼ਮੀਨ ਵਾਲੇ ਖੇਤਾਂ ਵਿੱਚ ਪਾਣੀ ਇਕਸਾਰ ਲਗਦਾ ਹੈ ਤੇ ਪਾਣੀ ਦੀ ਬੱਚਤ ਹੁੰਦੀ ਹੈ। ਖਾਦਾਂ ਵਿਸ਼ੇਸ਼ ਕਰਕੇ ਯੂਰੀਏ ਦੀ ਨਿਪੁੰਨਤਾ ਨਾਲ ਵਰਤੋਂ ਹੋਣ ਕਰਕੇ ਖੇਤਾਂ ਵਿੱਚ ਜੋ 5-5 ਥੈਲੇ ਪ੍ਰਤੀ ਏਕੜ ਪਾਏ ਜਾ ਰਹੇ ਹਨ, ਉਨ੍ਹਾਂ ਵਿੱਚ ਕਮੀ ਆਵੇਗੀ ਤੇ ਪੀ.ਏ.ਯੂ. ਵਲੋਂ ਏਕੜ ਵਿੱਚ 2.5 ਥੈਲੇ ਪਾਉਣ ਦੀ ਸਿਫ਼ਾਰਸ਼ ਨੂੰ ਵੀ ਮੰਨਣ ਲਈ ਕਿਸਾਨ ਤਿਆਰ ਹੋਣਗੇ। ਅੰਤਰਰਾਸ਼ਟਰੀ ਮੰਡੀ ਵਿੱਚ ਯੂਰੀਏ ਕੀ ਕੀਮਤ ਵਧ ਗਈ ਹੈ। ਭਾਰਤ ਇਸ ਨੂੰ ਵੱਡੀ ਮਾਤਰਾ ਵਿੱਚ ਦਰਾਮਦ ਕਰਦਾ ਹੈ। ਯੂਰੀਆ 'ਤੇ ਪਹਿਲਾਂ ਹੀ ਭਾਰੀ ਸਬਸਿਡੀ ਦਿੱਤੀ ਜਾ ਰਹੀ ਹੈ। ਜੇ ਇਸ ਦੀ ਖ਼ਪਤ ਨਾ ਘਟਾਈ ਗਈ ਤਾਂ ਸਬਸਿਡੀ ਵਿੱਚ ਹੋਰ ਵਾਧਾ ਕਰਨਾ ਪਵੇਗਾ, ਜਿਸ ਨਾਲ ਦੇਸ਼ ਦੀ ਆਰਥਿਕਤਾ ਪ੍ਰਭਾਵਿਤ ਹੋਵੇਗੀ।

ਉਤਪਾਦਨ ਵਧਾਉਣ ਲਈ ਕਾਸ਼ਤ ਯੋਗ ਰਕਬੇ ਵਿੱਚ ਕੋਈ ਵਾਧਾ ਹੋਣਾ ਸੰਭਵ ਨਹੀਂ। ਉਤਪਾਦਕਤਾ ਵਧਾਉਣ ਨਾਲ ਹੀ ਉਤਪਾਦਨ ਵਧ ਸਕਦਾ ਹੈ। ਪੰਜਾਬ ਸਰਕਾਰ ਨੇ ਨਹਿਰੀ ਪਾਣੀ ਵੱਧ ਤੋਂ ਵੱਧ ਖੇਤਾਂ ਵਿੱਚ ਪਹੁੰਚਾਉਣ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਇਸ ਨਾਲ ਉਤਪਾਦਕਤਾ ਵੀ ਵਧੇਗੀ ਤੇ ਜ਼ਮੀਨੀ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਠੱਲ੍ਹ ਪਵੇਗੀ। ਅੱਜ ਫ਼ਸਲੀ-ਵਿਭਿੰਨਤਾ ਲਿਆਉਣ ਦੀ ਬਹੁਤ ਲੋੜ ਹੈ। ਪੰਜਾਬ, ਹਰਿਆਣਾ ਤੋਂ ਦੂਜੇ ਰਾਜਾਂ ਨੂੰ ਅਨਾਜ ਭੇਜਣ ਦੀ ਗੁੰਜਾਇਸ਼ ਹਰ ਸਾਲ ਤੇਜ਼ੀ ਨਾਲ ਘਟ ਰਹੀ ਹੈ। ਪੰਜਾਬ ਵਿੱਚ ਕਣਕ ਤੇ ਚੌਲ ਭੰਡਾਰਨ ਦੀ ਸਮੱਸਿਆ ਆ ਰਹੀ ਹੈ। ਇੱਥੇ ਕਣਕ ਅਤੇ ਝੋਨੇ ਦੀ ਐਮ.ਐਸ.ਪੀ. 'ਤੇ ਸਰਕਾਰੀ ਖ਼ਰੀਦ ਹੋਣ ਕਾਰਨ ਕਿਸਾਨ ਇਨ੍ਹਾਂ ਫ਼ਸਲਾਂ ਦੀ ਕਾਸ਼ਤ ਛੱਡ ਕੇ ਹੋਰ ਬਦਲਵੀਆਂ ਫ਼ਸਲਾਂ ਬੀਜਣ ਲਈ ਮੁਸ਼ਕਿਲ ਨਾਲ ਹੀ ਤਿਆਰ ਹੋਣਗੇ। ਅਜਿਹੀਆਂ ਬਦਲਵੀਆਂ ਫ਼ਸਲਾਂ ਉਪਲਬਧ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜੋ ਕਣਕ ਤੇ ਝੋਨੇ ਜਿੰਨਾ ਮੁਨਾਫ਼ਾ ਦੇਣ।

ਖੇਤੀ ਪ੍ਰਸਾਰ ਸੇਵਾ ਵਲੋਂ ਕਿਸਾਨਾਂ ਨੂੰ ਖੇਤੀ ਸਮੱਗਰੀ ਦੀ ਯੋਗ ਵਰਤੋਂ ਕਰਨ ਅਤੇ ਪੀ.ਏ.ਯੂ. ਦੀਆਂ ਸਿਫ਼ਾਰਸ਼ਾਂ ਅਪਨਾ ਕੇ ਆਮਦਨ ਵਧਾਉਣੀ ਚਾਹੀਦੀ ਹੈ। ਪਾਣੀ ਦੀ ਬੱਚਤ ਲਈ ਫ਼ਸਲਾਂ ਦੀ ਪੈਦਾਵਾਰ ਬੈੱਡ ਪਲਾਂਟਿੰਗ ਵਿਧੀ ਅਪਨਾ ਕੇ ਵੀ ਕੀਤੀ ਜਾ ਸਕਦੀ ਹੈ। ਸਬਜ਼ੀ ਉਤਪਾਦਕਾਂ ਦੀ ਆਮਦਨ ਵਧਾਉਣ ਲਈ ਪੋਲੀ ਹਾਊਸ ਰਾਹੀਂ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਖੇਤੀ ਲਈ ਪਾਣੀ ਦੀ ਵਰਤੋਂ ਬਹੁਤ ਹੀ ਸੂਝ-ਬੂਝ ਨਾਲ ਕੀਤੀ ਜਾਵੇ। ਸਰਕਾਰ ਵਲੋਂ ਭਵਿੱਖ ਵਿੱਚ ਖੇਤੀ ਸੰਕਟ ਨੂੰ ਗਹਿਰਾ ਹੋਣ ਤੋਂ ਬਚਾਉਣ ਲਈ ਅਗੇਤੇ ਕਦਮ ਚੁੱਕਣ ਦੀ ਲੋੜ ਹੈ।

# ਸਿੱਧੀ ਬਿਜਾਈ ਅਤੇ ਕੱਦੂ ਵਾਲੇ ਝੋਨੇ ਵਿੱਚ ਯੂਰੀਆ ਦੀ ਸੁਚੱਜੀ ਵਰਤੋਂ

ਅਸ਼ੋਕ ਕੁਮਾਰ ਗਰਗ, ਪੀ.ਏ.ਯੂ.-ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ (ਮੋ. 950 18-55223)

ਯੂਰੀਏ ਦੀ ਵਰਤੋਂ ਹਮੇਸ਼ਾਂ ਮਿੱਟੀ ਦੀ ਪਰਖ ਦੇ ਅਧਾਰ 'ਤੇ ਹੀ ਕਰਨੀ ਚਾਹੀਦੀ ਹੈ ਤਾਂ ਜੋ ਖਾਦਾਂ ਦੀ ਸੰਤੁਲਿਤ ਅਤੇ ਪ੍ਰਭਾਵਸ਼ਾਲੀ ਵਰਤੋਂ ਹੋ ਸਕੇ। ਇਸ ਲਈ ਕਿਸਾਨ ਭਰਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਯੂਰੀਆ ਦੀ ਮਾਤਰਾ ਪਾਉਣ ਤੋਂ ਪਹਿਲਾਂ ਆਪਣੀ ਖੇਤ ਦੀ ਮਿੱਟੀ ਦੀ ਜਾਂਚ ਜ਼ਰੂਰ ਕਰਵਾਉਣ।



**ਸਿੱਧੀ ਬਿਜਾਈ ਵਾਲਾ ਝੋਨਾ ਅਤੇ ਬਾਸਮਤੀ** : ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿੱਚ ਹੀ ਜ਼ਿਆਦਾ ਕਾਮਯਾਬ ਹੈ ਕਿਉਂਕਿ ਰੇਤਲੀਆਂ ਜ਼ਮੀਨਾਂ ਵਿੱਚ ਲੋਹੇ ਤੱਤ ਦੀ ਘਾਟ ਜ਼ਿਆਦਾ ਆਉਂਦੀ ਹੈ। ਸਿੱਧੀ ਬਿਜਾਈ ਵਾਲੇ ਝੋਨੇ ਵਿੱਚ ਤਕਰੀਬਨ 3 ਥੈਲੇ ਯੂਰੀਆ ਨੂੰ ਬਰਾਬਰ ਹਿੱਸਿਆਂ ਭਾਵ ਇੱਕ-ਇੱਕ ਥੈਲਾ (45 ਕਿਲੋ) ਬਿਜਾਈ ਤੋਂ 4, 6 ਅਤੇ 9 ਹਫ਼ਤਿਆਂ ਬਾਅਦ ਪ੍ਰਤੀ ਏਕੜ ਛੱਟੇ ਨਾਲ ਪਾਇਆ ਜਾ ਸਕਦਾ ਹੈ। ਜਦੋਂ ਮਿੱਟੀ ਵਿੱਚ ਜੈਵਿਕ ਕਾਰਬਨ 0.75% ਤੋਂ ਜ਼ਿਆਦਾ ਹੋਵੇ ਤਾਂ 25% ਯੂਰੀਆ ਖਾਦ ਪ੍ਰਤੀ ਏਕੜ ਘਟਾਈ ਜਾ ਸਕਦੀ ਹੈ ਅਤੇ ਜੇਕਰ ਜੈਵਿਕ ਮਾਦਾ 0.40% ਤੋਂ ਘੱਟ ਹੋਵੇ ਤਾਂ 25% ਯੂਰੀਆ ਖਾਦ ਵਧਾਈ ਜਾ ਸਕਦੀ ਹੈ। ਜਿੱਥੇ ਝੋਨੇ ਨੂੰ 6 ਟਨ ਗਲ੍ਹੀ ਸੜ੍ਹੀ ਰੂੜੀ ਪ੍ਰਤੀ ਏਕੜ ਪਾਈ ਹੋਵੇ ਜਾਂ ਸਣ ਆਦਿ ਦੀ ਹਰੀ ਖਾਦ ਖੇਤ ਵਿੱਚ ਰਲਾਈ ਹੋਵੇ ਉੱਥੇ ਤਕਰੀਬਨ ਇੱਕ ਥੈਲਾ ਯੂਰੀਆ ਪ੍ਰਤੀ ਏਕੜ ਘਟਾਇਆ ਜਾ ਸਕਦਾ ਹੈ। ਜਿੱਥੇ ਗਰਮੀ ਰੁੱਤ ਦੀ ਮੂੰਗੀ ਨੂੰ ਫ਼ਲੀਆਂ ਤੋੜਨ ਤੋਂ ਬਾਅਦ ਦਬਾਇਆ ਗਿਆ ਹੋਵੇ ਉੱਥੇ 20 ਕਿਲੋ ਯੂਰੀਆ ਪ੍ਰਤੀ ਏਕੜ ਘਟਾਈ ਜਾ ਸਕਦੀ ਹੈ।

ਬਾਸਮਤੀ ਦੀ ਸਿੱਧੀ ਬਿਜਾਈ ਕਰਨ ਵੇਲੇ ਕੇਵਲ 54 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਤਿੰਨ ਬਰਾਬਰ ਕਿਸ਼ਤਾਂ ਵਿੱਚ ਬਿਜਾਈ ਤੋਂ 3, 6 ਅਤੇ 9 ਹਫ਼ਤਿਆਂ ਬਾਅਦ ਛੱਟੇ ਨਾਲ ਪਾਇਆ ਜਾ ਸਕਦਾ ਹੈ। ਹਰੀ ਖਾਦ ਦਬਾਉਣ ਨਾਲ 36 ਕਿਲੋ ਯੂਰੀਏ ਦੀ ਬੱਚਤ ਅਤੇ ਗਰਮੀ ਰੁੱਤ ਦੀ ਮੂੰਗੀ ਦੀਆਂ ਫ਼ਲੀਆਂ ਤੋੜਨ ਤੋਂ ਬਾਅਦ ਦਬਾਉਣ ਨਾਲ 18 ਕਿਲੋ ਯੂਰੀਏ ਦੀ ਬੱਚਤ ਪ੍ਰਤੀ ਏਕੜ ਕੀਤੀ ਜਾ ਸਕਦੀ ਹੈ।

**ਕੱਦੂ ਵਾਲਾ ਝੋਨਾ ਅਤੇ ਬਾਸਮਤੀ** : ਕੱਦੂ ਵਾਲੇ ਝੋਨੇ ਵਿੱਚ ਕਦੇ ਵੀ ਕੱਦੂ ਕਰਨ ਸਮੇਂ ਇਕੱਠਾ ਯੂਰੀਆ ਨਾ ਪਾਓ, ਕਿਉਂਕਿ ਇਸ ਨਾਲ ਖੇਤ ਵਿੱਚ ਪਾਈ ਪੂਰੀ ਯੂਰੀਆ ਬੂਟਿਆਂ ਨੂੰ ਨਹੀਂ ਮਿਲਦੀ, ਕੱਦੂ ਵਾਲੇ ਖੇਤ ਵਿੱਚ ਕਾਮਿਆਂ ਦੇ ਪੈਰ ਗਲ੍ਹ ਜਾਂਦੇ ਹਨ ਅਤੇ ਫ਼ਸਲ ਡਿੱਗਣ ਦਾ ਖ਼ਤਰਾ ਵੱਧ ਜਾਂਦਾ ਹੈ। ਕੱਦੂ ਵਾਲੇ ਝੋਨੇ ਜਾਂ ਬਾਸਮਤੀ ਦੇ ਖੇਤਾਂ ਵਿੱਚ ਯੂਰੀਏ ਦੀ ਲੋੜੀਂਦੀ ਮਾਤਰਾ ਹੇਠਾਂ ਦਿੱਤੀ ਗਈ ਹੈ :

ਸਾਰਣੀ : ਕੱਦੂ ਵਾਲਾ ਝੋਨਾ ਅਤੇ ਬਾਸਮਤੀ ਲਈ ਯੂਰੀਆ ਖਾਦ ਦੀ ਸਿਫ਼ਾਰਸ਼ ਮਾਤਰਾ

| ਫ਼ਸਲ | ਕਿਸਮਾਂ | ਯੂਰੀਆ ਖਾਦ (ਪ੍ਰਤੀ ਏਕੜ) | ਕਿਸ਼ਤਾਂ ਦਾ ਵੇਰਵਾ |
|---|---|---|---|
| ਝੋਨਾ | ਪੀ ਆਰ 132 | 1.5 ਥੈਲੇ ਯੂਰੀਆ (67.5 ਕਿਲੋ) | 3 ਬਰਾਬਰ ਕਿਸ਼ਤਾਂ (ਪਹਿਲੀ ਕਿਸ਼ਤ ਲੁਆਈ ਤੋਂ 7 ਦਿਨਾਂ ਤੱਕ, ਦੂਜੀ ਕਿਸ਼ਤ ਲੁਆਈ ਤੋਂ 21 ਦਿਨਾਂ ਤੇ ਅਤੇ ਆਖ਼ਰੀ ਕਿਸ਼ਤ 42 ਦਿਨਾਂ ਤੇ ਪਾਓ।) |
| ਝੋਨਾ | ਪੀ ਆਰ 126 | 2 ਥੈਲੇ ਯੂਰੀਆ (90 ਕਿਲੋ) | 3 ਬਰਾਬਰ ਕਿਸ਼ਤਾਂ (ਪਹਿਲੀ ਕਿਸ਼ਤ ਲੁਆਈ ਤੋਂ 7 ਦਿਨਾਂ ਤੱਕ, ਦੂਜੀ ਕਿਸ਼ਤ ਲੁਆਈ ਤੋਂ 21 ਦਿਨਾਂ ਤੇ ਅਤੇ ਆਖ਼ਰੀ ਕਿਸ਼ਤ 35 ਦਿਨਾਂ ਤੇ ਪਾਓ।) |
| ਝੋਨਾ | ਹੋਰ ਸਾਰੀਆਂ ਸਿਫ਼ਾਰਿਸ਼ ਕਿਸਮਾਂ | 2 ਥੈਲੇ ਯੂਰੀਆ (90 ਕਿਲੋ) | 3 ਬਰਾਬਰ ਕਿਸ਼ਤਾਂ (ਪਹਿਲੀ ਕਿਸ਼ਤ ਲੁਆਈ ਤੋਂ 7 ਦਿਨਾਂ ਤੱਕ, ਦੂਜੀ ਕਿਸ਼ਤ ਲੁਆਈ ਤੋਂ 21 ਦਿਨਾਂ ਤੇ ਅਤੇ ਆਖ਼ਰੀ ਕਿਸ਼ਤ 42 ਦਿਨਾਂ ਤੇ ਪਾਓ।) |
| ਬਾਸਮਤੀ | ਪੰਜਾਬ ਬਾਸਮਤੀ 7<br>ਪੰਜਾਬ ਬਾਸਮਤੀ 5<br>ਪੂਸਾ ਬਾਸਮਤੀ 1121<br>ਪੂਸਾ ਬਾਸਮਤੀ 1718 | 36 ਕਿਲੋ ਯੂਰੀਆ | 2 ਬਰਾਬਰ ਕਿਸ਼ਤਾਂ ਵਿੱਚ ਪਹਿਲੀ ਕਿਸ਼ਤ ਪਨੀਰੀ ਤੋਂ 3 ਹਫ਼ਤੇ ਬਾਅਦ ਅਤੇ ਦੂਸਰੀ ਕਿਸ਼ਤ 6 ਹਫ਼ਤੇ ਪਿੱਛੋਂ ਪਾਓ। |
| ਬਾਸਮਤੀ | ਪੂਸਾ ਬਾਸਮਤੀ 1847<br>ਪੂਸਾ ਬਾਸਮਤੀ 1509 | 54 ਕਿਲੋ ਯੂਰੀਆ | 2 ਬਰਾਬਰ ਕਿਸ਼ਤਾਂ ਵਿੱਚ ਪਹਿਲੀ ਕਿਸ਼ਤ ਪਨੀਰੀ ਤੋਂ 3 ਹਫ਼ਤੇ ਬਾਅਦ ਅਤੇ ਦੂਸਰੀ ਕਿਸ਼ਤ 6 ਹਫ਼ਤੇ ਪਿੱਛੋਂ ਪਾਓ। |

ਪੰਜਾਬ ਵਿੱਚ ਪਸ਼ੂ ਪਾਲਣ ਸਿਰਫ਼ ਰਵਾਇਤੀ ਰੋਜ਼ਗਾਰ ਨਹੀਂ ਰਿਹਾ, ਸਗੋਂ ਇੱਕ ਪੂਰਾ ਕਾਰੋਬਾਰ ਬਣ ਕੇ ਉਭਰਿਆ ਹੈ । ਅੱਜ ਦੇ ਸਮੇਂ ਵਿੱਚ ਕਈ ਕਿਸਾਨ ਇਸਨੂੰ ਵੱਡੇ ਪੱਧਰ 'ਤੇ ਅਪਣਾ ਰਹੇ ਹਨ, ਜਿੱਥੇ ਨਸਲ ਸੁਧਾਰ, ਸਿਹਤ ਪ੍ਰਬੰਧਨ ਅਤੇ ਮੰਡੀਕਰਨ ਦੇ ਨਾਲ-ਨਾਲ ਖੁਰਾਕ ਲਈ ਵਿਗਿਆਨਕ ਤਰੀਕੇ ਵੀ ਵਰਤੇ ਜਾ ਰਹੇ ਹਨ । ਡੇਅਰੀ ਫਾਰਮਿੰਗ ਵਿੱਚ ਕਾਮਯਾਬੀ ਸਿਰਫ਼ ਪਸ਼ੂਆਂ ਦੀ ਗਿਣਤੀ 'ਤੇ ਨਹੀਂ, ਸਗੋਂ ਉਨ੍ਹਾਂ ਦੀ ਉਤਪਾਦਕਤਾ ਉੱਤੇ ਨਿਰਭਰ ਕਰਦੀ ਹੈ ਅਤੇ ਉਤਪਾਦਕਤਾ ਦਾ ਸਭ ਤੋਂ ਵੱਡਾ ਅਧਾਰ ਹੈ - ਸਹੀ ਅਤੇ ਵਿਗਿਆਨਕ ਖੁਰਾਕ / ਪੋਸ਼ਣ । ਜੇਕਰ ਪਸ਼ੂ ਨੂੰ ਪੂਰਾ ਅਤੇ ਸੰਤੁਲਿਤ ਪੋਸ਼ਣ ਨਹੀਂ ਮਿਲਦਾ, ਤਾਂ ਉਹ ਆਪਣੀ ਜੈਨੇਟਿਕ ਸਮਰੱਥਾ ਦੇ ਅਨੁਸਾਰ ਦੁੱਧ ਨਹੀਂ ਦੇ ਸਕਦਾ । ਸੰਤੁਲਿਤ ਖੁਰਾਕ ਨਾਲ ਨਾ ਸਿਰਫ਼ ਦੁੱਧ ਦੀ ਮਾਤਰਾ ਵੱਧਦੀ ਹੈ, ਸਗੋਂ ਦੁੱਧ ਦੀ ਗੁਣਵੱਤਾ, ਪਸ਼ੂ ਦੀ ਸਿਹਤ ਅਤੇ ਉਸਦੀ ਪ੍ਰਜਨਨ ਸਮਰੱਥਾ ਵੀ ਵੱਧਦੀ ਹੈ । ਇਸ ਲਈ ਕਹਿਣਾ ਗਲਤ ਨਹੀਂ ਹੋਵੇਗਾ ਕਿ ਆਧੁਨਿਕ ਡੇਅਰੀ ਖੇਤੀ ਵਿੱਚ ਕਾਮਯਾਬੀ ਦਾ ਅਸਲੀ ਅਧਾਰ ਸੰਤੁਲਿਤ ਖੁਰਾਕ ਹੈ ।

## ਰਵਾਇਤੀ ਤੋਂ ਵਿਗਿਆਨਕ ਖੁਰਾਕ ਵੱਲ

# ਟੀ.ਐਮ.ਆਰ. (Total Mixed Ration) ਦੀ ਮਹੱਤਤਾ

**ਯੁਵਰਾਜ ਸਿੰਘ**, ਐਮ.ਵੀ.ਐੱਸ.ਸੀ. ਵਿਦਿਆਰਥੀ
ਪਸ਼ੂ ਆਹਾਰ ਵਿਭਾਗ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ

### ਰਵਾਇਤੀ ਖੁਰਾਕ ਪ੍ਰਣਾਲੀ ਅਤੇ ਇਸ ਦੀਆਂ ਕਮੀਆਂ

ਪੰਜਾਬ ਦੇ ਡੇਅਰੀ ਪਾਲਣ ਵਿੱਚ ਰਵਾਇਤੀ ਖੁਰਾਕ ਪ੍ਰਣਾਲੀ ਕਾਫੀ ਸਮੇਂ ਤੋਂ ਵਰਤੀ ਜਾ ਰਹੀ ਹੈ । ਇਸ ਤਰੀਕੇ ਵਿੱਚ ਆਮ ਤੌਰ 'ਤੇ ਪਸ਼ੂਆਂ ਨੂੰ ਹਰਾ ਚਾਰਾ, ਸੁੱਕਾ ਚਾਰਾ ਅਤੇ ਦਾਣਾ ਵੱਖ-ਵੱਖ ਸਮੇਂ 'ਤੇ ਦਿੱਤਾ ਜਾਂਦਾ ਹੈ । ਛੋਟੇ ਪੱਧਰ 'ਤੇ ਇਹ ਪ੍ਰਣਾਲੀ ਕੁਝ ਹੱਦ ਤੱਕ ਠੀਕ ਕੰਮ ਕਰਦੀ ਹੈ ਪਰ ਜਿਵੇਂ ਹੀ ਡੇਅਰੀ ਖੇਤੀ ਵਪਾਰਕ ਪੱਧਰ 'ਤੇ ਜਾਂਦੀ ਹੈ ਅਤੇ ਪਸ਼ੂਆਂ ਦੀ ਗਿਣਤੀ ਵੱਧਦੀ ਹੈ, ਇਹ ਤਰੀਕਾ ਆਪਣੀ ਸੀਮਾ 'ਤੇ ਪਹੁੰਚ ਜਾਂਦਾ ਹੈ ।

### ਰਵਾਇਤੀ ਖੁਰਾਕ ਪ੍ਰਣਾਲੀ ਦੀਆਂ ਮੁੱਖ ਕਮੀਆਂ

★ ਵੱਡੀ ਡੇਅਰੀ ਵਿੱਚ ਲਾਗਤ ਵਧਦੀ ਹੈ ।

★ ਸੰਤੁਲਿਤ ਖੁਰਾਕ ਯਕੀਨੀ ਨਹੀਂ ਬਣਦੀ ।

★ ਪਸ਼ੂ ਚੁਣ ਕੇ ਖਾਂਦਾ ਹੈ, ਜਿਸ ਨਾਲ ਕਈ ਵਾਰ ਦਾਣਾ ਜ਼ਿਆਦਾ ਖਾ ਜਾਂਦਾ ਹੈ ਅਤੇ ਬਾਕੀ ਛੱਡ ਦਿੰਦਾ ਹੈ ।

★ ਉਤਪਾਦਕਤਾ ਵਿੱਚ ਅਸਮਾਨਤਾ ਆ ਜਾਂਦੀ ਹੈ ।

★ ਵੱਡੇ ਫਾਰਮਾਂ 'ਤੇ ਪ੍ਰਬੰਧਨ ਔਖਾ ਹੋ ਜਾਂਦਾ ਹੈ ।

★ ਮਜ਼ਦੂਰਾਂ ਅਤੇ ਸਮੇਂ ਦੀ ਵੱਧ ਲੋੜ ਪੈਂਦੀ ਹੈ ।

★ ਫੀਡ ਦੀ ਬਰਬਾਦੀ ਵੱਧ ਹੁੰਦੀ ਹੈ ।

★ ਪਚਣ ਦੀ ਸਮਰੱਥਾ ਘੱਟ ਜਾਂਦੀ ਹੈ ।




ਇਸ ਲਈ ਆਧੁਨਿਕ ਅਤੇ ਵਪਾਰਕ ਡੇਅਰੀ ਖੇਤੀ ਵਿੱਚ ਰਵਾਇਤੀ ਖੁਰਾਕ ਤਰੀਕੇ ਦੀ ਥਾਂ ਵਿਗਿਆਨਕ ਅਤੇ ਸੁਚੱਜੀ ਪ੍ਰਣਾਲੀ, ਜਿਵੇਂ ਕਿ ਟੀ. ਐਮ. ਆਰ. (Total mixed ration) ਦੀ ਲੋੜ ਪੈਂਦੀ ਹੈ ।

### ਟੀ. ਐਮ. ਆਰ. (Total mixed ration) ਫੀਡਿੰਗ ਕੀ ਹੈ ?

ਇਹਨਾਂ ਸਾਰੀਆਂ ਸਮੱਸਿਆਵਾਂ ਨੂੰ ਦੇਖਦੇ ਹੋਏ ਟੀ. ਐਮ. ਆਰ. ਇੱਕ ਪ੍ਰਭਾਵਸ਼ਾਲੀ ਹੱਲ ਵਜੋਂ ਸਾਹਮਣੇ ਆਉਂਦੀ ਹੈ । ਟੀ. ਐਮ. ਆਰ. ਇੱਕ ਇਹੋ ਜਿਹਾ ਤਰੀਕਾ ਹੈ ਜਿਸ ਵਿੱਚ ਪਸ਼ੂ ਦੀ ਰੋਜ਼ਾਨਾ ਖੁਰਾਕ ਦੇ ਸਾਰੇ ਘਟਕ- ਹਰਾ ਚਾਰਾ, ਸਾਈਲੇਜ, ਸੁੱਕਾ ਚਾਰਾ, ਦਾਣਾ, ਉਪ-ਉਤਪਾਦ, ਮਿਨਰਲ ਮਿਕਸਚਰ, ਵਿਟਾਮਿਨ, ਪ੍ਰੀ ਮਿਕਸ, ਆਦਿ- ਸਭ ਕੁਝ ਇਕੱਠੇ ਮਿਲਾ ਕੇ ਇੱਕੋ ਜਿਹਾ ਮਿਸ਼ਰਣ ਬਣਾਇਆ ਜਾਂਦਾ ਹੈ, ਤਾਂ ਜੋ ਹਰ ਗੁੱਟ/ਬੁਰਕ ਵਿੱਚ ਸੰਤੁਲਿਤ ਪੋਸ਼ਣ ਮਿਲੇ । ਇਸ ਮਿਸ਼ਰਣ ਨੂੰ ਤਿਆਰ ਕਰਨ ਲਈ ਟੀ. ਐਮ. ਆਰ. ਮਸ਼ੀਨ (ਮਿਕਸਰ ਵੈਗਨ) ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਚਾਰੇ ਨੂੰ ਕੱਟ ਕੇ ਅਤੇ ਦਾਣੇ ਨੂੰ ਚੰਗੀ ਤਰ੍ਹਾਂ ਮਿਲਾ ਕੇ ਇਕਸਾਰ ਰੂਪ ਵਿੱਚ ਤਿਆਰ ਕਰਦੀ ਹੈ । ਪਹਿਲਾਂ ਚਾਰਾ ਮਸ਼ੀਨ ਵਿੱਚ ਪਾਇਆ ਜਾਂਦਾ ਹੈ, ਉਸ ਤੋਂ ਬਾਅਦ ਦਾਣਾ ਅਤੇ ਹੋਰ ਪੋਸ਼ਕ ਤੱਤ ਸ਼ਾਮਲ ਕੀਤੇ ਜਾਂਦੇ ਹਨ ਅਤੇ ਕੁਝ ਮਿੰਟਾਂ ਵਿੱਚ ਇਹ ਸਭ ਵਧੀਆ ਤਰ੍ਹਾਂ ਰਲ ਜਾਂਦਾ ਹੈ ।

ਬਾਜ਼ਾਰ ਵਿੱਚ ਟੀ. ਐਮ. ਆਰ. ਮਸ਼ੀਨਾਂ ਵੱਖ-ਵੱਖ ਕਿਸਮਾਂ ਦੀਆਂ ਮਿਲਦੀਆਂ ਹਨ, ਜਿਵੇਂ ਕਿ ਵਰਟੀਕਲ ਮਿਕਸਰ, ਹੋਰੀਜ਼ੋਂਟਲ ਮਿਕਸਰ ਅਤੇ ਰੀਲ ਮਿਕਸਰ । ਇਨ੍ਹਾਂ ਵਿੱਚੋਂ ਵਰਟੀਕਲ ਮਿਕਸਰ ਵੈਗਨ ਸਭ ਤੋਂ ਵੱਧ ਵਰਤੀ ਜਾਂਦੀ ਹੈ ਕਿਉਂਕਿ ਇਹ ਲੰਮੇ ਚਾਰੇ (ਪੱਠੇ, ਸਾਈਲੇਜ, ਪਰਾਲੀ ਆਦਿ) ਨੂੰ ਆਸਾਨੀ ਨਾਲ ਕੱਟ ਕੇ ਚੰਗੀ ਤਰ੍ਹਾਂ ਮਿਲਾ ਦਿੰਦੀ ਹੈ ਅਤੇ ਖੁਰਾਕ ਨੂੰ ਇਕਸਾਰ ਬਣਾਉਂਦੀ ਹੈ । ਕਈ ਮਸ਼ੀਨਾਂ ਵਿੱਚ ਚਾਰੇ ਦਾ ਕੁਤਰਾ ਕਰਕੇ ਪਾਉਣਾ ਪੈਂਦਾ ਹੈ ਅਤੇ ਕਈ ਆਪ ਕੁਤਰਾ ਕਰ ਲੈਂਦੀਆਂ ਹਨ । ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਟ੍ਰੈਕਟਰ ਨਾਲ ਚੱਲਣ ਵਾਲੀ ਮਸ਼ੀਨ ਸਭ ਤੋਂ ਉੱਚਿਤ ਮੰਨੀ ਜਾਂਦੀ ਹੈ, ਜਦਕਿ ਵੱਡੇ ਫਾਰਮਾਂ ਲਈ ਆਟੋਮੈਟਿਕ ਜਾਂ ਸੈਲਫ-ਪ੍ਰੋਪੈਲਡ ਮਸ਼ੀਨਾਂ ਵੀ ਵਰਤੀਆਂ ਜਾਂਦੀਆਂ ਹਨ ।

(ਚੱਲਦਾ)

### ਟੀ. ਐਮ. ਆਰ. ਫੀਡਿੰਗ ਦੀਆਂ ਸੀਮਾਵਾਂ ਅਤੇ ਸਾਵਧਾਨੀਆਂ

★ ਮਿਕਸਰ ਵੈਗਨ ਅਤੇ ਹੋਰ ਉਪਕਰਨਾਂ ਦੀ ਲੋੜ ਕਾਰਨ ਸ਼ੁਰੂਆਤੀ ਨਿਵੇਸ਼ ਵੱਧ ਹੁੰਦਾ ਹੈ ਅਤੇ ਮਸ਼ੀਨਰੀ ਮਹਿੰਗੀ ਹੋਣ ਕਰਕੇ ਛੋਟੇ ਕਿਸਾਨਾਂ ਲਈ ਅਪਣਾਉਣਾ ਔਖਾ ਹੋ ਸਕਦਾ ਹੈ ।

★ ਇੱਕੋ ਮਿਸ਼ਰਣ ਸਾਰੇ ਪਸ਼ੂਆਂ ਨੂੰ ਮਿਲਣ ਕਰਕੇ ਪੋਸ਼ਕ ਤੱਤਾਂ ਵਿੱਚ ਗਲਤੀ ਪੂਰੇ ਝੁੰਡ 'ਤੇ ਅਸਰ ਕਰਦੀ ਹੈ ਅਤੇ ਤੁਰੰਤ ਸੋਧ ਕਰਨਾ ਵੀ ਆਸਾਨ ਨਹੀਂ ਹੁੰਦਾ ।

★ ਸਹੀ ਮਿਕਸਿੰਗ ਅਤੇ ਚਾਰੇ ਦੀ ਨਮੀ ਦਾ ਸੰਤੁਲਨ ਬਹੁਤ ਜ਼ਰੂਰੀ ਹੁੰਦਾ ਹੈ, ਕਿਉਂਕਿ ਗਲਤ ਪ੍ਰਬੰਧਨ ਨਾਲ ਖੁਰਾਕ ਦੀ ਗੁਣਵੱਤਾ ਅਤੇ ਪ੍ਰਭਾਵ ਘੱਟ ਸਕਦਾ ਹੈ ।

★ ਮੌਸਮ ਅਤੇ ਉਪਲਬਧਤਾ ਅਨੁਸਾਰ ਹਰੇ ਚਾਰੇ ਵਿੱਚ ਤਬਦੀਲੀ ਟੀ. ਐਮ. ਆਰ. ਦੀ ਇਕਸਾਰਤਾ ਅਤੇ ਰੂਮਨ ਸਥਿਰਤਾ ਨੂੰ ਪ੍ਰਭਾਵਿਤ ਕਰਦੀ ਹੈ ।

★ ਗਰੁੱਪ ਅਨੁਸਾਰ ਖੁਰਾਕ ਦੇਣ ਲਈ ਹਰ ਗਰੁੱਪ ਦਾ ਆਕਾਰ ਯੋਗ ਹੋਣਾ ਲਾਜ਼ਮੀ ਹੈ ਕਿਉਂਕਿ ਛੋਟੇ ਗਰੁੱਪਾਂ ਵਿੱਚ ਇਹ ਪ੍ਰਣਾਲੀ ਮਹਿੰਗੀ ਪੈਂਦੀ ਹੈ ਅਤੇ 100 ਜਾਂ ਇਸ ਤੋਂ ਵੱਧ ਪਸ਼ੂਆਂ ਵਾਲੇ ਵਪਾਰਕ ਫਾਰਮਾਂ 'ਤੇ ਜ਼ਿਆਦਾ ਸਫਲ ਰਹਿੰਦੀ ਹੈ ।

★ 1-3 ਸੈਂਟੀਮੀਟਰ ਤੱਕ ਕੱਟਿਆ ਚਾਰਾ ਇਕਸਾਰ ਮਿਸ਼ਰਣ ਬਣਾਉਣ ਲਈ ਉਚਿਤ ਹੁੰਦਾ ਹੈ ਅਤੇ 3-10 ਮਿੰਟ ਮਿਕਸਿੰਗ ਕਾਫੀ ਹੁੰਦੀ ਹੈ ਕਿਉਂਕਿ ਘੱਟ ਮਿਕਸਿੰਗ ਨਾਲ ਇਕਸਾਰਤਾ ਨਹੀਂ ਬਣਦੀ ਅਤੇ ਵੱਧ ਮਿਕਸਿੰਗ ਨਾਲ ਫਾਈਬਰ ਬਹੁਤ ਛੋਟਾ ਹੋ ਕੇ ਰੂਮਨ ਸਿਹਤ 'ਤੇ ਨਕਾਰਾਤਮਕ ਅਸਰ ਪਾ ਸਕਦਾ ਹੈ ।

★ ਖੁਰਾਕ ਨੂੰ ਨਿਯਮਿਤ ਤੌਰ 'ਤੇ ਜਾਂਚਿਆ ਅਤੇ ਸੰਤੁਲਨ ਲਈ ਮੁੜ ਵੇਖਿਆ ਜਾਣਾ ਚਾਹੀਦਾ ਹੈ, ਚਾਰਾ ਫਫੂੰਦ-ਰਹਿਤ ਅਤੇ ਸਾਫ ਹੋਣਾ ਲਾਜ਼ਮੀ ਹੈ ਅਤੇ ਮਿਕਸਰ ਵੈਗਨ ਸਮੇਤ ਸਾਰੇ ਉਪਕਰਣ ਸਾਫ ਰੱਖਣੇ ਚਾਹੀਦੇ ਹਨ ਤਾਂ ਜੋ ਖੁਰਾਕ ਦੀ ਗੁਣਵੱਤਾ ਅਤੇ ਪਸ਼ੂਆਂ ਦੀ ਸਿਹਤ ਬਰਕਰਾਰ ਰਹੇ ।



# ਦੋਆਬਾ ਵਿੱਚ ਬਹਾਰ ਰੁੱਤ ਦੀ ਮੂੰਗਫਲੀ ਮੱਕੀ ਦੇ ਬਦਲ ਵਜੋਂ ਉਭਰੀ

## ਮੂੰਗਫਲੀ ਪੰਜਾਬ ਦੀ ਖੇਤੀ ਨੂੰ ਨਵੀਂ ਦਿਸ਼ਾ ਦੇਣ ਦੇ ਸਮਰੱਥ – ਸੰਤ ਸੀਚੇਵਾਲ

ਦੋਆਬਾ ਖਿੱਤੇ ਵਿੱਚ ਬਹਾਰ ਰੁੱਤ ਦੀ ਮੂੰਗਫਲੀ ਦੀ ਕਾਸ਼ਤ ਨੇ ਕਿਸਾਨਾਂ ਦੇ ਚਿਹਰਿਆਂ 'ਤੇ ਰੌਣਕਾਂ ਲੈ ਆਉਂਦੀਆਂ ਹਨ। ਧਰਤੀ ਹੇਠਲੇ ਪਾਣੀ ਨੂੰ ਬਚਾਉਣ ਵਿੱਚ ਵੱਡੀ ਭੂਮਿਕਾ ਨਿਭਾਉਣ ਵਾਲੀ ਮੂੰਗਫਲੀ ਕਿਸਾਨਾਂ ਦੀਆਂ ਜੇਬਾਂ ਭਰ ਦੇਵੇਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ ਵੱਲੋਂ ਪਿੰਡ ਮੋਠਾਵਾਲ ਵਿਖੇ 'ਖੇਤ ਦਿਵਸ ਅਤੇ ਟਰੈਵਲ ਸੈਮੀਨਾਰ' ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਨੇ ਪੰਜਾਬ ਦੀ ਧਰਤੀ ਹੇਠੋਂ ਮੁੱਕ ਰਹੇ ਪਾਣੀਆਂ ਨੂੰ ਬਚਾਉਣ ਲਈ ਬਹਾਰ ਰੁੱਤ ਦੀ ਮੂੰਗਫਲੀ ਦੀ ਕਾਸ਼ਤ ਕਰਨ ਦਾ ਹੋਕਾ ਦਿੱਤਾ। ਸੈਮੀਨਾਰ ਵਿੱਚ ਤਿੰਨ ਸਾਲ ਤੋਂ ਮੂੰਗਫਲੀ ਦੀ ਕਾਸ਼ਤ ਕਰਨ ਦੇ ਰਾਹ ਪਏ ਕਿਸਾਨਾਂ ਵੱਲੋਂ ਆਪਣੇ ਸਫਲ ਤਜ਼ਰਬੇ ਸਾਂਝੇ ਕੀਤੇ ਗਏ। ਸਾਲ ਵਿੱਚ ਦੋ ਵਾਰ ਹੋਣ ਵਾਲੀ ਮੂੰਗਫਲੀ ਦੀ ਫ਼ਸਲ ਨੂੰ ਖਾਦ ਨਹੀਂ ਪਾਉਣੀ ਪੈਂਦੀ ਅਤੇ ਮੱਕੀ ਦੇ ਮੁਕਾਬਲੇ ਪਾਣੀ ਬਹੁਤ ਘੱਟ ਲਗਾਉਣਾ ਪੈਂਦਾ ਹੈ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਇਸ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਅਤੇ ਕਿਸਾਨਾਂ ਦੀ



ਆਰਥਿਕ ਸਥਿਤੀ ਦੀ ਮਜ਼ਬੂਤੀ ਲਈ ਫ਼ਸਲੀ ਵਿਭਿੰਨਤਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਨੇ ਸੱਤਰਵਿਆਂ ਦੇ ਸਮੇਂ ਨੂੰ ਯਾਦ ਕਰਦਿਆਂ ਕਿਹਾ ਕਿ ਦੋਨਾ ਕਦੇ ਮੂੰਗਫਲੀ ਦੇ ਖਿੱਤੇ ਵਜੋਂ ਜਾਣਿਆ ਜਾਂਦਾ ਸੀ। ਸਮੇਂ ਦੇ ਨਾਂਲ ਮੌਸਮ ਵਿੱਚ ਆਈਆਂ ਤਬਦੀਲੀਆਂ ਅਤੇ ਮੀਂਹ ਘੱਟ ਪੈਣ ਕਾਰਨ ਅਤੇ ਝੋਨੇ ਦਾ ਬੱਝਵਾਂ ਮੁੱਖ ਮਿਲਣ ਕਾਰਨ ਮੂੰਗਫਲੀ ਬੀਜਣ ਦਾ ਰੁਝਾਨ ਘੱਟ ਗਿਆ। ਝੋਨੇ ਨਾਲ ਧਰਤੀ ਹੇਠਲ ਪਾਣੀ 'ਤੇ ਦਬਾਅ ਵੱਧ ਗਿਆ। ਦੋਆਬੇ ਵਿੱਚ ਜਿਹੜਾ ਪਾਣੀ ਕਦੇ 30 ਫੁੱਟ ਤੱਕ ਆਸਾਨੀ ਨਾਲ ਮਿਲ ਜਾਂਦਾ ਸੀ, ਉਹ 300 ਫੁੱਟ ਤੱਕ ਡੂੰਘਾ ਹੋ ਗਿਆ।

ਉਨ੍ਹਾਂ ਕਿਹਾ ਕਿ ਧਰਤੀ ਹੇਠਲਾ ਪਾਣੀ ਉਦੋਂ ਹੀ ਬਚ ਸਕੇਗਾ, ਜਦੋਂ ਪੰਜਾਬ ਆਪਣੀਆਂ ਰਵਾਇਤੀ ਫ਼ਸਲਾਂ ਵੱਲ ਪਰਤ ਆਵੇਗਾ। ਮੋਠਾਵਾਲ ਦੇ ਅਗਾਂਹਵਧੂ ਕਿਸਾਨ ਜਰਨੈਲ ਸਿੰਘ ਵੱਲੋਂ ਤਿੰਨ ਸਾਲ ਪਹਿਲਾਂ ਮੱਕੀ ਦੇ ਬਦਲ ਵਜੋਂ ਮੂੰਗਫਲੀ ਬੀਜਣ ਦੀ ਕੀਤੀ ਸ਼ੁਰੂਆਤ ਦੀ ਸੰਤ ਸੀਚੇਵਾਲ ਨੇ ਪ੍ਰਸੰਸਾ ਕੀਤੀ। ਉਨ੍ਹਾਂ ਕਿਹਾ ਕਿ ਜਰਨੈਲ ਸਿੰਘ ਦੇ ਉੱਦਮ ਨਾਲ ਪੰਜਾਬ ਨੇ ਆਪਣੀਆਂ ਰਵਾਇਤੀ ਫ਼ਸਲਾਂ ਬੀਜਣ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ। ਕਿਸਾਨ ਨੇ ਇਸ ਸਾਲ 26 ਏਕੜ ਰਕਬੇ ਵਿੱਚ ਮੂੰਗਫਲੀ ਦੀ ਬਿਜਾਈ ਕਰਕੇ ਖੇਤਰ ਦੇ ਕਿਸਾਨਾਂ ਲਈ ਇੱਕ ਮਿਸਾਲ ਕਾਇਮ ਕੀਤੀ ਹੈ, ਜਿਸ ਤਹਿਤ ਜ਼ਿਲ੍ਹੇ ਵਿੱਚ 3 ਸਾਲ ਪਹਿਲਾਂ ਆਈ ਮੂੰਗਫਲੀ ਦੀ ਕਾਸ਼ਤ ਦਾ ਰਕਬਾ ਹੁਣ 72 ਏਕੜ ਤੱਕ ਪਹੁੰਚ ਗਿਆ ਹੈ। ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਉਪ-ਕੁਲਪਤੀ ਡਾ. ਸਤਬੀਰ ਸਿੰਘ ਗੋਸਲ ਨੇ ਕਿਹਾ ਕਿ ਇੱਕ ਨਿੱਗਰ ਤੇ ਨਿਰੋਈ ਸ਼ੁਰੂਆਤ ਹੈ। ਉਨ੍ਹਾਂ ਕਿਹਾ ਕਿ ਬਹਾਰ ਰੁੱਤ ਦੀ ਮੂੰਗਫਲੀ ਸਾਲ ਵਿੱਚ ਦੋ ਵਾਰ ਹੋਣ ਵਾਲੀ ਫ਼ਸਲ ਹੈ। ਮੂੰਗਫਲੀ ਜ਼ਮੀਨ ਦੀ ਸਿਹਤ ਵੀ ਚੰਗੀ ਰੱਖਣ ਵਿੱਚ ਸਹਾਈ ਹੁੰਦੀ ਹੈ। ਸਾਲ ਵਿੱਚ ਇਸ ਦਾ ਝਾੜ 25 ਤੋਂ 28 ਕੁਇੰਟਲ ਪ੍ਰਤੀ ਏਕੜ ਮਿਲ ਜਾਂਦਾ ਹੈ। ਇਸ ਮੌਕੇ ਡਾ. ਹਰਿੰਦਰ ਸਿੰਘ, ਡਾ. ਮਨਦੀਪ ਸਿੰਘ, ਕਿਸਾਨ ਮਲਕੀਤ ਸਿੰਘ ਚੂੜਪੁਰ, ਅੰਕੁਸ਼ ਸ਼ਰਮਾ ਰਜਾਪੁਰ, ਬਲਵੀਰ ਸਿੰਘ ਕਮਾਲਪੁਰ, ਜਗਤਾਰ ਸਿੰਘ ਮੋਠਾਂਵਾਲ, ਗੁਰਵਿੰਦਰ ਸਿੰਘ, ਸ਼ੇਰ ਸਿੰਘ ਨਸੀਰੇਵਾਲ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ, ਖੇਤੀ ਮਾਹਿਰ ਅਤੇ ਯੂਨੀਵਰਸਿਟੀ ਦੇ ਅਧਿਕਾਰੀ ਹਾਜ਼ਰ ਸਨ।

# ਯੂਰੀਆ ਦਾ ਸੰਕਟ ਜਾਂ ਵੰਡ ਪ੍ਰਣਾਲੀ ਦੀ ਖਾਮੀ?

★ ਵੱਡੇ ਕਿਸਾਨਾਂ ਦਾ ਰਸੂਖ ਭਾਰੂ, ਛੋਟੇ ਕਿਸਾਨਾਂ ਦੇ ਹਿੱਸੇ ਆਉਂਦੀ ਹੈ ਖੱਜਲ-ਖੁਆਰੀ ★ ਸਰਪਲੱਸ ਸਟਾਕ ਦੇ ਬਾਵਜੂਦ ਖਾਦ ਲਈ ਭਟਕ ਰਹੇ ਛੋਟੇ ਕਿਸਾਨ ★ ਸਰਕਾਰੀ ਅੰਕੜਿਆਂ ਮੁਤਾਬਿਕ ਸੂਬੇ ਕੋਲ ਲੋੜ ਨਾਲੋਂ ਵੱਧ ਖਾਦ ਦਾ ਸਟਾਕ

ਪੰਜਾਬ ਨੂੰ ਦੇਸ਼ ਦਾ ਅੰਨ ਭੰਡਾਰ ਕਿਹਾ ਜਾਂਦਾ ਹੈ, ਪਰ ਹਰ ਫ਼ਸਲੀ ਸੀਜ਼ਨ ਦੌਰਾਨ ਕਿਸਾਨਾਂ ਨੂੰ ਖਾਦ ਲਈ ਲਾਈਨਾਂ ਵਿੱਚ ਖੜ੍ਹਾ ਹੋਣਾ ਪੈਂਦਾ ਹੈ। ਇਸ ਵਾਰ ਵੀ ਝੋਨੇ ਦੀ ਬਿਜਾਈ ਸ਼ੁਰੂ ਹੁੰਦਿਆਂ ਹੀ ਸੂਬੇ ਦੇ ਕਈ ਹਿੱਸਿਆਂ ਤੋਂ ਯੂਰੀਆ ਖਾਦ ਦੀ ਕਿੱਲਤ ਦੀਆਂ ਖਬਰਾਂ ਸਾਹਮਣੇ ਆ ਰਹੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਕੇਂਦਰ ਅਤੇ ਖੇਤੀਬਾੜੀ ਵਿਭਾਗ ਦੇ ਅੰਕੜੇ ਪੰਜਾਬ ਵਿੱਚ ਯੂਰੀਆ ਦੀ ਕੋਈ ਘਾਟ ਨਹੀਂ ਦਿਖਾਉਂਦੇ। ਇਸ ਦੇ ਬਾਵਜੂਦ ਛੋਟੇ ਅਤੇ ਦਰਮਿਆਨੇ ਕਿਸਾਨ ਇੱਕ-ਇੱਕ ਥੈਲੇ ਲਈ ਖੱਜਲ-ਖੁਆਰ ਹੋ ਰਹੇ ਹਨ।

ਖੇਤੀਬਾੜੀ ਮਾਹਰਾਂ ਅਤੇ ਕਿਸਾਨ ਜਥੇਬੰਦੀਆਂ ਦਾ ਮੰਨਣਾ ਹੈ ਕਿ ਅਸਲ ਸਮੱਸਿਆ ਖਾਦ ਦੀ ਉਪਲੱਬਧਤਾ ਨਹੀਂ, ਸਗੋਂ ਇਸ ਦੀ ਵੰਡ ਪ੍ਰਣਾਲੀ ਵਿੱਚ ਮੌਜੂਦ ਖਾਮੀਆਂ ਹਨ। ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਅਤੇ ਨਿੱਜੀ ਡੀਲਰਾਂ ਕੋਲ ਖਾਦ ਦੀ ਵੰਡ ਦੌਰਾਨ ਵੱਡੇ ਅਤੇ ਪ੍ਰਭਾਵਸ਼ਾਲੀ ਕਿਸਾਨਾਂ ਨੂੰ ਪਹਿਲ ਦਿੱਤੀ ਜਾਂਦੀ ਹੈ, ਜਦੋਂਕਿ ਛੋਟੇ ਕਿਸਾਨਾਂ ਨੂੰ ਖਾਲੀ ਹੱਥ ਪਰਤਣਾ ਪੈਂਦਾ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਯੂਰੀਆ ਦੀ ਸਾਲਾਨਾ ਮੰਗ ਲਗਭਗ 15 ਲੱਖ ਮੀਟ੍ਰਿਕ ਟਨ ਹੈ। ਅਪ੍ਰੈਲ ਤੋਂ ਜੂਨ ਤੱਕ 10 ਲੱਖ ਮੀਟ੍ਰਿਕ ਟਨ ਯੂਰੀਆ ਸੂਬੇ ਨੂੰ ਮਿਲ ਚੁੱਕੀ ਹੈ ਅਤੇ ਕਰੀਬ 4.35 ਲੱਖ ਮੀਟ੍ਰਿਕ ਟਨ ਸਟਾਕ ਹਾਲੇ ਵੀ ਮੌਜੂਦ ਹੈ। ਅਜਿਹੇ ਵਿੱਚ ਸਵਾਲ ਉੱਠਦਾ ਹੈ ਕਿ ਜੇ ਖਾਦ ਮੌਜੂਦ ਹੈ ਤਾਂ ਕਿਸਾਨਾਂ ਨੂੰ ਮੁਸ਼ਕਲਾਂ ਕਿਉਂ ਆ ਰਹੀਆਂ ਹਨ।

ਜਾਣਕਾਰੀ ਮੁਤਾਬਿਕ ਜਦੋਂ ਪਿੰਡਾਂ ਦੀਆਂ ਸੁਸਾਇਟੀਆਂ ਵਿੱਚ ਖਾਦ ਦੀ ਖੇਪ ਪਹੁੰਚਦੀ ਹੈ ਤਾਂ ਕਈ ਵਾਰ ਵੱਡੇ ਕਿਸਾਨ ਆਪਣੇ ਪ੍ਰਭਾਵ ਕਾਰਨ ਲੋੜ ਤੋਂ ਵੱਧ ਬੈਗ ਲੈ ਜਾਂਦੇ ਹਨ। ਕੁਝ ਕਿਸਾਨ ਅਗਲੇ ਸੀਜ਼ਨ ਲਈ ਵੀ ਸਟਾਕ ਇਕੱਠਾ ਕਰ ਲੈਂਦੇ ਹਨ। ਨਤੀਜੇ ਵਜੋਂ 2 ਤੋਂ 5 ਏਕੜ ਤੱਕ ਜ਼ਮੀਨ ਵਾਲੇ ਛੋਟੇ ਕਿਸਾਨਾਂ ਨੂੰ ਖਾਦ ਨਹੀਂ ਮਿਲਦੀ ਅਤੇ ਉਨ੍ਹਾਂ ਨੂੰ ਨਿੱਜੀ ਡੀਲਰਾਂ ਦਾ ਰੁਖ ਕਰਨਾ ਪੈਂਦਾ ਹੈ।

ਕਿਸਾਨਾਂ ਦਾ ਦੋਸ਼ ਹੈ ਕਿ ਕਈ ਨਿੱਜੀ ਡੀਲਰ ਯੂਰੀਆ ਦੇ ਨਾਲ ਸਲਫਰ, ਜ਼ਿੰਕ ਜਾਂ ਹੋਰ ਖੇਤੀ ਉਤਪਾਦ ਖਰੀਦਣ ਲਈ ਦਬਾਅ ਬਣਾਉਂਦੇ ਹਨ। ਜੇ ਕਿਸਾਨ ਵਾਧੂ ਸਮਾਨ ਨਾ ਖਰੀਦੇ ਤਾਂ ਉਸ ਨੂੰ ਯੂਰੀਆ ਨਹੀਂ ਦਿੱਤੀ ਜਾਂਦੀ। ਇਸ ਕਾਰਨ ਕਿਸਾਨਾਂ 'ਤੇ ਵਾਧੂ ਆਰਥਿਕ ਬੋਝ ਪੈਂਦਾ ਹੈ।

ਪਿੰਡ ਨਿਆਮੀਆਂ ਦੇ ਕਿਸਾਨ ਜਸਪਾਲ ਸਿੰਘ, ਦਵਿੰਦਰ ਸਿੰਘ ਦੇਹ ਕਲਾਂ, ਬਲਜਿੰਦਰ ਸਿੰਘ ਭਾਗੋਮਾਜਰਾ ਅਤੇ ਕੁਲਦੀਪ ਸਿੰਘ ਪੂਨੀਆ ਨੇ ਦੱਸਿਆ ਕਿ ਖਾਦ ਦੀ ਉਪਲੱਬਧਤਾ ਨੂੰ ਲੈ ਕੇ ਜ਼ਮੀਨੀ ਹਕੀਕਤ ਸਰਕਾਰੀ ਦਾਅਵਿਆਂ ਤੋਂ ਵੱਖਰੀ ਹੈ। ਉਨ੍ਹਾਂ ਕਿਹਾ ਕਿ ਖਾਦਾਂ ਦੀ ਗੁਣਵੱਤਾ ਅਤੇ ਵੰਡ ਪ੍ਰਣਾਲੀ ਦੋਵੇਂ ਹੀ ਚਿੰਤਾ ਦਾ ਵਿਸ਼ਾ ਹਨ। ਕਿਸਾਨਾਂ ਨੇ ਦੋਸ਼ ਲਾਇਆ ਕਿ ਕਈ ਡੀਲਰ ਖਾਦ ਦੇ ਨਾਲ ਮਹਿੰਗਾ ਸਾਮਾਨ ਲੈਣ ਲਈ ਮਜ਼ਬੂਰ ਕਰਦੇ ਹਨ, ਜਿਸ ਨਾਲ ਉਨ੍ਹਾਂ ਦੀ ਲਾਗਤ ਹੋਰ ਵੱਧ ਜਾਂਦੀ ਹੈ।

ਦੂਜੇ ਪਾਸੇ ਖੇਤੀਬਾੜੀ ਵਿਭਾਗ ਕਿਸਾਨਾਂ ਨੂੰ ਬੇਲੋੜੀ ਖਾਦ ਦੀ ਵਰਤੋਂ ਤੋਂ ਬਚਣ ਦੀ ਸਲਾਹ ਦੇ ਰਿਹਾ ਹੈ। ਵਿਭਾਗ ਦਾ ਕਹਿਣਾ ਹੈ ਕਿ ਕਣਕ ਸੀਜ਼ਨ ਦੌਰਾਨ ਵਰਤੀ ਗਈ ਡੀ. ਏ. ਪੀ. ਦਾ ਪ੍ਰਭਾਵ ਅਗਲੀ ਫ਼ਸਲ ਤੱਕ ਰਹਿੰਦਾ ਹੈ, ਇਸ ਲਈ ਝੋਨੇ ਅਤੇ ਮੱਕੀ ਵਿੱਚ ਲੋੜ ਤੋਂ ਵੱਧ ਖਾਦ ਪਾਉਣ ਦੀ ਜ਼ਰੂਰਤ ਨਹੀਂ ਹੁੰਦੀ। ਮਾਹਿਰਾਂ ਦਾ ਮੰਨਣਾ ਹੈ ਕਿ ਰਸਾਇਣਿਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਮਿੱਟੀ ਦੀ ਸਿਹਤ ਅਤੇ ਮਨੁੱਖੀ ਸਿਹਤ ਦੋਵਾਂ ਲਈ ਨੁਕਸਾਨਦੇਹ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਖਾਦ ਸੰਕਟ ਦਾ ਹੱਲ ਹੋਰ ਸਪਲਾਈ ਭੇਜਣਾ ਨਹੀਂ, ਸਗੋਂ ਵੰਡ ਪ੍ਰਣਾਲੀ ਨੂੰ ਪਾਰਦਰਸ਼ੀ ਬਣਾਉਣਾ ਹੈ। ਜਦੋਂ ਤੱਕ ਸੁਸਾਇਟੀਆਂ ਵਿੱਚ ਛੋਟੇ ਕਿਸਾਨਾਂ ਲਈ ਤਰਜ਼ੀਹੀ ਕੋਟਾ ਅਤੇ ਡਿਜ਼ੀਟਲ ਨਿਗਰਾਨੀ ਪ੍ਰਣਾਲੀ ਲਾਗੂ ਨਹੀਂ ਹੁੰਦੀ, ਉਦੋਂ ਤੱਕ ਕਾਗਜ਼ਾਂ ਵਿੱਚ ਸਰਪਲੱਸ ਖਾਦ ਵਾਲਾ ਪੰਜਾਬ ਜ਼ਮੀਨੀ ਪੱਧਰ 'ਤੇ ਕਿੱਲਤ ਨਾਲ ਜੂਝਦਾ ਰਹੇਗਾ।

### ਜਾਗਰੂਕਤਾ ਦਾ ਹੋਕਾ ਦੇ ਕੇ ਕਿਸਾਨਾਂ ਨੂੰ ਕੀਤਾ ਜਾ ਰਿਹਾ ਲਾਮਬੰਦ : ਡਾ. ਗੁਰਨਾਮ ਸਿੰਘ

ਖੇਤੀਬਾੜੀ ਵਿਭਾਗ ਦੇ ਸੰਯੁਕਤ ਡਾਇਰੈਕਟਰ ਡਾ. ਗੁਰਨਾਮ ਸਿੰਘ ਨੇ ਕਿਹਾ ਕਿ ਸੂਬੇ ਵਿੱਚ ਯੂਰੀਆ ਦੀ ਕੋਈ ਕਿੱਲਤ ਨਹੀਂ ਹੈ ਅਤੇ ਲੋੜੀਂਦਾ ਸਟਾਕ ਮੌਜੂਦ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਖੇਤੀ ਬਚਾਓ ਮੁਹਿੰਮ ਤਹਿਤ ਪਿੰਡਾਂ ਵਿੱਚ ਜਾਗਰੂਕਤਾ ਫੈਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ 274 ਖਾਦ ਸੈਂਪਲ ਭਰੇ ਗਏ ਹਨ, ਜਿਨ੍ਹਾਂ ਵਿੱਚੋਂ ਚਾਰ ਸੈਂਪਲ ਫੇਲ੍ਹ ਪਾਏ ਗਏ ਹਨ ਅਤੇ ਇਸ ਸਾਲ ਛੇ ਮਾਮਲਿਆਂ ਵਿੱਚ ਪਰਚੇ ਵੀ ਦਰਜ ਕੀਤੇ ਗਏ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਜਿਹੜੇ ਡੀਲਰ ਕਿਸਾਨਾਂ ਨੂੰ ਜਬਰੀ ਹੋਰ ਸਮਾਨ ਖਰੀਦਣ ਲਈ ਮਜ਼ਬੂਰ ਕਰਦੇ ਹਨ, ਉਨ੍ਹਾਂ ਖਿਲਾਫ ਸ਼ਿਕਾਇਤ ਮਿਲਣ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ।

### ਬਠਿੰਡਾ ਵਿੱਚ ਖੇਤੀਬਾੜੀ ਵਿਭਾਗ ਦੀ ਵੱਡੀ ਕਾਰਵਾਈ

# 140 ਕੁਇੰਟਲ ਗੈਰ-ਕਾਨੂੰਨੀ ਖਾਦ ਜ਼ਬਤ

ਗੈਰ-ਕਾਨੂੰਨੀ ਖਾਦਾਂ ਦੀ ਵਿਕਰੀ 'ਤੇ ਨਕੇਲ ਕਸਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ 140 ਕੁਇੰਟਲ ਗੈਰ-ਕਾਨੂੰਨੀ ਖਾਦਾਂ ਜ਼ਬਤ ਕੀਤੀਆਂ ਹਨ। ਇਸ ਸੰਬੰਧੀ ਫਰਟੀਲਾਈਜ਼ਰ ਕੰਟੋਰਲ ਆਰਡਰ, 1985 ਅਤੇ ਜ਼ਰੂਰੀ ਵਸਤਾਂ ਐਕਟ, 1955 ਦੀ ਉਲੰਘਣਾ ਦੇ ਦੋਸ਼ ਹੇਠ ਮਹਾਰਾਸ਼ਟਰ ਦੇ ਠਾਣੇ ਸਥਿਤ ਕੰਪਨੀ ਮੈਸਰਜ ਕੇ ਬੀ ਬਾਇਓ-ਆਰਗੈਨਿਕਸ ਪ੍ਰਾਈਵੇਟ ਲਿਮਟਿਡ ਵਿਰੁਧ ਐਫ਼.ਆਈ.ਆਰ. ਦਰਜ ਕੀਤੀ ਗਈ ਹੈ। ਥਰਮਲ ਪੁਲਿਸ ਸਟੇਸ਼ਨ, ਬਠਿੰਡਾ ਵਿਖੇ ਦਰਜ ਐਫ.ਆਈ.ਆਰ. ਵਿੱਚ ਮੁਜ਼ੱਫਰ ਨਗਰ (ਯੂ. ਪੀ.) ਦੇ ਰਵੀ ਕੁਮਾਰ ਅਤੇ ਮਹਾਰਾਸ਼ਟਰ ਦੇ ਸਾਬਲੇ ਅਸ਼ਾਂਤ ਹਨੂਮੰਤ ਨੂੰ ਨਾਮਜ਼ਦ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਦੀ ਟੀਮ ਵਲੋਂ ਗੁਪਤ ਸੂਚਨਾ ਦੇ ਆਧਾਰ 'ਤੇ ਗਣਪਤੀ ਕੰਪਲੈਕਸ, ਮਲੋਟ ਰੋਡ, ਬਠਿੰਡਾ ਵਿਖੇ ਸਥਿਤ ਇੱਕ ਗੋਦਾਮ 'ਤੇ ਛਾਪਾ ਮਾਰਿਆ ਗਿਆ ਸੀ। ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਛਾਪਾਮਾਰ ਟੀਮ ਨੇ ਪਾਇਆ ਕਿ ਸਟੋਰ ਕੀਤੀਆਂ ਖਾਦਾਂ ਫਰਟੀਲਾਈਜ਼ਰ ਕੰਟੋਰਲ ਆਰਡਰ ਤਹਿਤ ਨਿਰਧਾਰਤ ਮਾਪਦੰਡਾਂ ਅਨੁਸਾਰ ਨਹੀਂ ਸਨ। ਕੰਪਨੀ ਕੋਲ ਖਾਦ




ਲਾਇਸੰਸ ਵੀ ਨਹੀਂ ਸੀ ਅਤੇ ਉਹ ਕੀਟਨਾਸ਼ਕਾਂ ਦੇ ਕਾਰੋਬਾਰ ਲਈ ਜਾਰੀ ਲਾਇਸੰਸ ਉਤੇ ਗੈਰਕਾਨੂੰਨੀ ਢੰਗ ਨਾਲ ਖਾਦਾਂ ਵੇਚ ਰਹੀ ਸੀ ਜੋ ਕਿ ਫਰਟੀਲਾਈਜ਼ਰ ਕੰਟੋਰਲ ਆਰਡਰ, 1985 ਦੀ ਧਾਰਾ 7 ਅਤੇ 8 ਅਤੇ ਜ਼ਰੂਰੀ ਵਸਤਾਂ ਐਕਟ, 1955 ਦੀ ਧਾਰਾ 3 ਤੇ 7 ਦੀ ਉਲੰਘਣਾ ਹੈ। ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ 140 ਕੁਇੰਟਲ ਗੈਰ-ਕਾਨੂੰਨੀ ਖਾਦਾਂ ਸੈਂਕੜੇ ਏਕੜ ਫ਼ਸਲ ਨੂੰ ਖ਼ਰਾਬ ਕਰ ਸਕਦੀਆਂ ਸਨ ਅਤੇ ਕਿਸਾਨਾਂ ਨੂੰ ਵਿੱਤੀ ਨੁਕਸਾਨ ਪਹੁੰਚਾ ਸਕਦੀਆਂ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਕਿਸੇ ਵੀ ਕੰਪਨੀ ਜਾਂ ਕਿਸੇ ਵੀ ਵਿਅਕਤੀ ਨੂੰ ਪੰਜਾਬ ਵਿੱਚ ਖੇਤੀਬਾੜੀ ਵਸਤਾਂ ਦੀ ਗੁਣਵੱਤਾ ਨਾਲ ਸਮਝੌਤਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਾਰੇ ਮੁੱਖ ਖੇਤੀਬਾੜੀ ਅਫ਼ਸਰਾਂ (ਸੀ. ਏ. ਓਜ਼) ਨੂੰ ਅਚਨਚੇਤ ਚੈਕਿੰਗ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੰਦਿਆਂ, ਖੁੱਡੀਆ ਨੇ ਕਿਹਾ, "ਫਰਟੀਲਾਈਜ਼ਰ ਕੰਟੋਰਲ ਆਰਡਰ ਦੀ ਉਲੰਘਣਾ ਕਰਨਾ ਸਾਡੇ ਕਿਸਾਨ ਭਾਈਚਾਰੇ ਵਿਰੁੱਧ ਅਪਰਾਧ ਹੈ। ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।"

# ਝੋਨੇ ਵਿਚ ਮਧਰੇਪਣ ਦੀ ਸਮੱਸਿਆ ਬਾਰੇ ਸੁਚੇਤ ਰਹਿਣ ਦੀ ਲੋੜ - ਮੁੱਖ ਖੇਤੀਬਾੜੀ ਅਫਸਰ

ਡਾ. ਦਾਰਾ ਸਿੰਘ ਮੁੱਖ ਖੇਤੀਬਾੜੀ ਅਫਸਰ ਪਟਿਆਲਾ ਨੇ ਦੱਸਿਆ ਕਿ ਪਿਛਲੇ ਸਾਲ ਝੋਨੇ ਦੀ ਫਸਲ ਵਿਚ ਮਧਰੇ ਬੂਟਿਆਂ ਦੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀ ਪਿਛਲੇ ਸਾਲਾਂ ਤੋਂ ਇਸ ਦੇ ਕਾਰਨ ਪਤਾ ਕਰਨ

***ਬੂਟਿਆਂ ਦਾ ਮਧਰਾ ਰਹਿ ਜਾਣਾ ਝੋਨੇ ਦੇ ਇੱਕ ਨਵੇਂ ਵਿਸ਼ਾਣੂ ਰੋਗ ਝੋਨੇ ਦੇ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਫੈਲਦਾ ਹੈ ਅਤੇ ਝੋਨੇ ਦੀਆਂ ਮੌਜੂਦਾ ਸਾਰੀਆਂ ਕਿਸਮਾਂ ਉੱਤੇ ਹਮਲਾ ਕਰ ਸਕਦਾ ਹੈ***

ਲਈ ਲਗਾਤਾਰ ਛਾਣਬੀਣ ਕਰ ਰਹੇ ਹਨ। ਉਹਨਾਂ ਦਸਿਆ ਕਿ ਬੂਟਿਆਂ ਦਾ ਮਧਰਾ ਰਹਿ ਜਾਣਾ ਝੋਨੇ ਦੇ ਇੱਕ ਨਵੇਂ ਵਿਸ਼ਾਣੂ ਰੋਗ ਝੋਨੇ ਦੇ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਫੈਲਦਾ ਹੈ ਅਤੇ ਝੋਨੇ ਦੀਆਂ ਮੌਜੂਦਾ ਸਾਰੀਆਂ ਕਿਸਮਾਂ ਉੱਤੇ ਹਮਲਾ ਕਰ ਸਕਦਾ ਹੈ। ਇਸ ਰੋਗ ਨਾਲ ਪ੍ਰਭਾਵਿਤ ਬੂਟੇ ਮਧਰੇ, ਉਹਨਾਂ ਦੇ ਪੱਤੇ ਨੋਕਦਾਰ ਅਤੇ ਜੜ੍ਹਾਂ ਘੱਟ ਡੂੰਘੀਆਂ ਰਹਿ



ਜਾਂਦੀਆਂ ਹਨ। ਪ੍ਰਭਾਵਿਤ ਬੂਟਿਆਂ ਦੀ ਉਚਾਈ ਆਮ ਬੂਟਿਆਂ ਨਾਲੋਂ ਅੱਧੀ ਜਾਂ ਇੱਕ-ਤਿਹਾਈ ਰਹਿ ਜਾਂਦੀ ਹੈ। ਰੋਗ ਦੇ ਜਿਆਦਾ ਹਮਲੇ ਕਾਰਨ ਕਈ ਵਾਰ ਬੂਟੇ ਮੁਰਝਾ ਕੇ ਸੁੱਕ ਵੀ ਜਾਂਦੇ ਹਨ। ਉਹਨਾਂ ਦੱਸਿਆ ਕਿ ਇਸ ਬਿਮਾਰੀ ਵਾਲੇ ਬੂਟਿਆਂ ਨੂੰ ਪੁੱਟ ਕੇ ਖੇਤ ਵਿਚ ਡੂੰਘਾ ਦੱਬ ਦੇਣਾ ਚਾਹੀਦਾ ਹੈ।

ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਿਗਿਆਨੀਆਂ ਨੇ ਜਾਣਕਾਰੀ ਦਿੱਤੀ ਕਿ ਖੇਤ ਵਿਚ ਇਸ ਰੋਗ ਨੂੰ ਫੈਲਾਉਣ ਵਾਲੇ ਕੀੜੇ (ਚਿੱਟੀ ਪਿੱਠ ਵਾਲੇ ਟਿੱਡੇ) ਦੀ ਸੁਚੱਜੀ ਰੋਕਥਾਮ ਲਈ ਝੋਨੇ ਦੀ ਫਸਲ ਦਾ ਸਮੇਂਸਮੇਂ ਸਿਰ ਨਿਰੀਖਣ ਕਰਦੇ ਰਹੋ। ਟਿੱਡੇ ਦੀ ਆਮਦ ਵੇਖਣ ਲਈ ਰਾਤ ਨੂੰ ਖੇਤ ਨੇੜ੍ਹੇ ਬਲਬ ਜਗ੍ਹਾ ਕੇ ਰੱਖੋ। ਜੇਕਰ ਟਿੱਡੇ ਦੀ ਆਮਦ ਨਜਰ ਆਉਂਦੀ ਹੈ ਤਾਂ ਕਿਸੇ ਵੀ ਕੀਟਨਾਸ਼ਕ ਜਿਵੇਂ ਕਿ 94 ਮਿ.ਲਿ. ਪੈਕਸਾਲੋਨ 10 ਐਸ.ਸੀ. ਜਾਂ 60 ਗ੍ਰਾਮ ਉਲਾਲਾ 50 ਡਬਲਯੂ ਜੀ ਜਾਂ 80 ਗ੍ਰਾਮ ਓਸ਼ੀਨ/ਟੋਕਨ/ਡੋਮਿਨੇਂਟ 20 ਐਸ.ਜੀ. ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ ਜਾਂ 400 ਮਿ.ਲਿ. ਆਰਕੈਸਟਰਾ 10 ਐਸ.ਸੀ. ਜਾਂ 300 ਮਿ.ਲਿ. ਇਮੇਜਿਨ 10 ਐਸ.ਸੀ. ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਬੂਟਿਆਂ ਦੇ ਮੁੱਢਾਂ ਤੇ ਛਿੜਕਾਅ ਕਰੋ। ਸੁਚੱਜੀ ਰੋਕਥਾਮ ਵਾਸਤੇ ਪਿੱਠੂ ਪੰਪ ਅਤੇ ਗੋਲ ਨੋਜਲ ਦਾ ਇਸਤੇਮਾਲ ਕਰੋ। ਕੀਟਨਾਸ਼ਕਾਂ ਦਾ ਸਪਰੇਅ ਸਿਰਫ ਲੋੜ ਮੁਤਾਬਿਕ ਹੀ ਕਰਨਾ ਚਾਹੀਦਾ ਹੈ। ਕਿਸੇ ਵੀ ਪ੍ਰਕਾਰ ਦੀ ਸਮੱਸਿਆ ਲਈ ਕਿਸਾਨ ਇਸ ਸਬੰਧੀ ਬਲਾਕ ਪਟਿਆਲਾ ਦੇ ਡਾ. ਗੁਰਮੀਤ ਸਿੰਘ (9779160950), ਬਲਾਕ ਨਾਭਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਗਿੱਲ (9780560004), ਬਲਾਕ ਭੂਨਰਹੇੜੀ ਦੇ ਕਿਸਾਨ ਡਾ. ਮਨਦੀਪ ਸਿੰਘ (7009227488), ਬਲਾਕ ਸਮਾਣਾ ਦੇ ਕਿਸਾਨ ਡਾ. ਸਤੀਸ਼ ਕੁਮਾਰ (9758900047), ਬਲਾਕ ਰਾਜਪੁਰਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਪੰਨੂੰ (7307059201) ਅਤੇ ਬਲਾਕ ਘਨੌਰ ਦੇ ਕਿਸਾਨ ਡਾ. ਰਣਜੋਧ ਸਿੰਘ (9988312299) ਨਾਲ ਸਪੰਰਕ ਕਰ ਸਕਦੇ ਹਨ।


ਖੇਤੀ ਦੁਨੀਆਂ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/- ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਡਾਕ ਰਾਹੀਂ ਪ੍ਰਾਪਤ ਕਰਨ ਲਈ

ਇੱਕ ਸਾਲ 500/- ਰੁਪਏ

ਦੋ ਸਾਲ 800/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

Website : www.khetiduniyan.in

E-mail : khetiduniyan1983@gmail.com


## ਨੇਪਾਲ ਨੇ ਭਾਰਤੀ ਅੰਬਾਂ 'ਤੇ ਰੋਕ ਲਾਈ

**★ ਸਰਕਾਰ ਨੇ ਦਰਾਮਦ ਰੋਕੀ ★ ਵਧੇਰੇ ਕੀਟਨਾਸ਼ਕ ਹੋਣ ਦਾ ਹਵਾਲਾ ਦਿੱਤਾ**

ਨੇਪਾਲ ਸਰਕਾਰ ਨੇ ਭਾਰਤ ਤੋਂ ਆਉਣ ਵਾਲੇ ਅੰਬਾਂ ਦੀ ਦਰਾਮਦ 'ਤੇ ਪਾਬੰਦੀ ਲਾ ਦਿੱਤੀ ਹੈ। ਅਧਿਕਾਰੀਆਂ ਅਨੁਸਾਰ ਇਹ ਫੈਸਲਾ ਅੰਬਾਂ ਵਿੱਚ ਕੀਟਨਾਸ਼ਕਾਂ ਦੀ ਵੱਧ ਮਾਤਰਾ ਮਿਲਣ ਅਤੇ ਸਰਹੱਦੀ ਇਲਾਕਿਆਂ ਵਿੱਚ ਸਾਮਾਨ ਨੂੰ ਵੱਖ ਰੱਖਣ ਦੀਆਂ (ਕੁਆਰਨਟਾਈਨ) ਸਹੂਲਤਾਂ ਦੀ ਘਾਟ ਕਾਰਨ ਲਿਆ ਗਿਆ ਹੈ। ਇਸ ਪਾਬੰਦੀ ਬਾਅਦ ਨੇਪਾਲ ਦੇ ਬਾਜ਼ਾਰਾਂ ਵਿੱਚ ਸਥਾਨਕ ਅੰਬਾਂ ਦੀ ਭਰਮਾਰ ਹੋ ਗਈ ਹੈ। ਮਧੇਸ਼ੀ ਸੂਬੇ ਦੇ ਭੂਮੀ ਪ੍ਰਬੰਧਨ, ਖੇਤੀਬਾੜੀ ਅਤੇ ਸਹਿਕਾਰਤਾ ਮੰਤਰਾਲੇ ਦੇ ਸੂਚਨਾ



ਅਧਿਕਾਰੀ ਅਜੈ ਗਿਆਵਾਲੀ ਨੇ ਕਿਹਾ ਕਿ ਇਸ ਕਦਮ ਨਾਲ ਸਥਾਨਕ ਕਿਸਾਨਾਂ ਨੂੰ ਫਾਇਦਾ ਹੋਇਆ ਹੈ, ਕਿਉਂਕਿ ਹੁਣ ਉਨ੍ਹਾਂ ਨੂੰ ਭਾਰਤੀ ਅੰਬਾਂ ਨਾਲ ਮੁਕਾਬਲਾ ਨਹੀਂ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ, "ਇਸ ਨਾਲ ਸਥਾਨਕ ਉਤਪਾਦਨ ਨੂੰ ਹੁਲਾਰਾ ਮਿਲਿਆ ਹੈ, ਜੋ ਸਕਾਰਾਤਮਕ ਕਦਮ ਹੈ।" ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਅੰਬਾਂ ਦੀ ਮੰਗ ਪੂਰੀ ਕਰਨ ਲਈ ਸਥਾਨਕ ਉਤਪਾਦਨ ਕਾਫ਼ੀ ਨਹੀਂ ਹੋ ਸਕਦਾ। ਮਧੇਸ਼ੀ ਸੂਬੇ ਦੇ ਸਿਰਾਹਾ, ਸਪਤਾਰੀ ਅਤੇ ਧਨੁਸ਼ਾ ਜ਼ਿਲ੍ਹੇ ਅੰਬ ਉਤਪਾਦਨ ਦਾ ਮੁੱਖ ਕੇਂਦਰ ਹਨ। ਨੇਪਾਲ ਵਿੱਚ ਅੰਬਾਂ ਦੀ ਪੈਦਾਵਾਰ ਲਈ ਮੱਧ ਤੋਂ ਜੁਲਾਈ ਦੇ ਮੱਧ ਤੱਕ ਹੁੰਦੀ ਹੈ। ਇਨ੍ਹਾਂ ਪਾਬੰਦੀਆਂ ਦਾ ਅਸਰ ਕੁਝ ਸਨਅਤਾਂ 'ਤੇ ਵੀ ਪਏਗਾ, ਜਿਹੜੀਆਂ ਅੰਬਾਂ 'ਤੇ ਆਧਾਰਿਤ ਹਨ, ਜਿਵੇਂ ਫ਼ਲਾਂ ਦਾ ਜੂਸ ਬਣਾਉਣ ਵਾਲੇ। ਫ਼ਲ ਅਤੇ ਸਬਜ਼ੀ ਵਪਾਰੀ ਐਸੋਸੀਏਸ਼ਨ ਦੇ ਅਧਿਕਾਰੀਆਂ ਨੇ ਕਿਹਾ ਕਿ ਭਾਰਤੀ ਅੰਬਾਂ ਦੀ ਦਰਾਮਦ ਰੁਕਣ ਨਾਲ ਦੇਸ਼ ਦੇ ਘਰੇਲੂ ਬਾਜ਼ਾਰ ਵਿੱਚ ਘਾਟ ਹੋ ਸਕਦੀ ਹੈ। ਉਨ੍ਹਾਂ ਸਰਕਾਰ ਨੂੰ ਸਲਾਹ ਦਿੱਤੀ ਕਿ ਅੰਬਾਂ ਦੀ ਦਰਾਮਦ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਉਣ ਦੀ ਥਾਂ ਸਾਮਾਨ ਨੂੰ ਵੱਖ ਰੱਖਣ ਦੀ ਪ੍ਰਣਾਲੀ ਮਜ਼ਬੂਤ ਕਰਕੇ ਗੁਣਵੱਤਾ ਜਾਂਚ ਤੋਂ ਬਾਅਦ ਦਰਾਮਦ ਦੀ ਇਜਾਜ਼ਤ ਦਿੱਤੀ ਜਾਵੇ। ਵਪਾਰੀਆਂ ਨੇ ਚਿਤਾਵਨੀ ਦਿੱਤੀ ਕਿ ਜੇ ਪਾਬੰਦੀ ਜਾਰੀ ਰਹੀ ਤਾਂ ਕਾਠਮੰਡੂ ਵਿੱਚ ਅੰਬਾਂ ਦੀਆਂ ਕੀਮਤਾਂ, ਜੋ ਇਸ ਵੇਲੇ 100 ਤੋਂ 150 ਨੇਪਾਲੀ ਰੁਪਏ ਪ੍ਰਤੀ ਕਿਲੋ ਹਨ, ਹੋਰ ਵੱਧ ਸਕਦੀਆਂ ਹਨ।

**ਮਹਾਰਾਸ਼ਟਰ ਦੇ ਲਾਤੂਰ ਜ਼ਿਲ੍ਹੇ ਦਾ ਮਾਮਲਾ**

## ਬਿਜਲੀ ਡਿੱਗਣ ਕਰਕੇ ਬੈਲ ਦੀ ਮੌਤ, 61 ਸਾਲਾਂ ਦੀ ਹੌਸਾਬਾਈ ਨੇ ਮੋਢੇ 'ਤੇ ਹੱਲ ਰੱਖ ਕੇ ਖੇਤ ਵਾਹਿਆ...

ਮਹਾਰਾਸ਼ਟਰ ਦੇ ਲਾਤੂਰ ਜ਼ਿਲ੍ਹੇ ਵਿੱਚ ਬਿਜਲੀ ਡਿੱਗਣ ਕਰਕੇ ਬੈਲਾਂ ਦੀ ਜੋੜੀ ਵਿੱਚੋਂ ਇੱਕ ਬੈਲ ਦੀ ਮੌਤ ਹੋ ਗਈ। ਖੇਤੀ ਦਾ ਮੌਸਮ ਹੱਥੋਂ ਨਾ ਨਿਕਲ ਜਾਏ, ਇਸ ਲਈ 61 ਸਾਲਾਂ ਦੀ ਕਿਸਾਨ ਹੌਸਾਬਾਈ ਗਾਇਕਵਾੜ ਨੇ ਬੈਲ ਦੇ ਨਾਲ ਖੁਦ ਮੋਢੇ 'ਤੇ ਹੱਲ ਚੁੱਕ ਕੇ ਵਾਹੀ ਸ਼ੁਰੂ ਕਰ ਦਿੱਤੀ। ਦਰਅਸਲ, ਖੇਤੀ ਕਰਨ ਲਈ ਕਾਸ਼ੀਨਾਥ ਗਾਇਕਵਾੜ ਨੇ ਵਿਆਜ਼



'ਤੇ ਪੈਸੇ ਲੈ ਕੇ ਬੈਲਾਂ ਦੀ ਜੋੜੀ ਖਰੀਦੀ ਸੀ। ਇੱਕ ਬੈਲ ਦੀ ਮੌਤ ਤੋਂ ਬਾਅਦ ਦੂਜਾ ਬੈਲ ਖਰੀਦਣ ਦੀ ਆਰਥਿਕ ਸਮਰੱਥਾ ਨਹੀਂ ਹੈ ਅਤੇ ਟਰੈਕਟਰ ਨਾਲ ਵਾਹੀ ਦਾ ਖਰਚ ਵੀ ਸਹਿਣ ਨਹੀਂ ਕਰ ਪਾ ਰਹੇ ਸਨ। ਅਜਿਹੇ ਵਿੱਚ ਹੌਸਾਬਾਈ ਨੇ ਬੈਲ ਦੇ ਨਾਲ ਵਾਹੀ ਦੀ ਜ਼ਿੰਮੇਵਾਰੀ ਸੰਭਾਲ ਲਈ। ਕਾਸ਼ੀਨਾਥ ਅਤੇ ਹੌਸਾਬਾਈ ਗਾਇਕਵਾੜ ਦੀਆਂ 4 ਬੇਟੀਆਂ ਅਤੇ 2 ਬੇਟੇ ਹਨ। ਐਨ. ਸੀ. ਪੀ. (ਐਸ. ਪੀ.) ਦੇ ਵਿਧਾਇਕ ਰੋਹਿਤ ਪਵਾਰ ਨੇ ਮੰਗਲਵਾਰ ਨੂੰ ਇਸ ਜੋੜੇ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ। ਉਨ੍ਹਾਂ ਮਹਾਰਾਸ਼ਟਰ ਦੇ ਕਿਸਾਨਾਂ ਦਾ ਪੂਰਾ ਕਰਜ਼ਾ ਮਾਫ਼ ਕਰਨ ਦੀ ਮੰਗ ਕੀਤੀ।